







PUNJABSTAR.COM
# ਪੰਜਾਬ ਸਟਾਰ
Phone: 905-673-7666 , Fax: 1-289-206-8611
20 ਫਰਵਰੀ ਤੋਂ 26 ਫਰਵਰੀ, 2025
Email :- editor@punjabstar.com, Vo.20.Issue:1173

# ਅਮਰੀਕਾ ਦੇ 6 ਸੂਬਿਆਂ 'ਚ ਹੜ੍ਹ, 15 ਦੀ ਮੌਤ

## ਕਹਿਰ ਦੀ ਠੰਢ ਨਾਲ ਜੂਝ ਰਹੇ 9 ਕਰੋੜ ਲੋਕ



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ)- ਅਮਰੀਕਾ ਦੇ 6 ਸੂਬੇ ਕੈਂਟਕੀ, ਜਾਰਜੀਆ, ਵਰਜੀਨੀਆ, ਪੱਛਮੀ ਵਰਜੀਨੀਆ, ਟੈਨੇਸੀ ਅਤੇ ਇੰਡੀਆਨਾ ਹੜ੍ਹਾਂ ਨਾਲ ਜੂਝ ਰਹੇ ਹਨ। ਸਭ ਤੋਂ ਵੱਧ ਨੁਕਸਾਨ ਕੈਂਟਕੀ ਸੂਬੇ 'ਚ ਹੋਇਆ ਹੈ, ਜਿੱਥੇ ਪਿਛਲੇ ਛੇ ਦਿਨਾਂ 'ਚ 12 ਲੋਕਾਂ ਦੀ ਮੌਤ ਹੋਈ ਹੈ। ਇਸ ਤੋਂ ਇਲਾਵਾ ਪੱਛਮੀ ਵਰਜੀਨੀਆ 'ਚ 2 ਅਤੇ ਜਾਰਜੀਆ 'ਚ ਇਕ ਮੌਤ ਹੋਈ ਹੈ। ਜਾਣਕਾਰੀ ਅਨੁਸਾਰ ਅਮਰੀਕਾ ਦੇ ਪੂਰਬੀ ਸੂਬਿਆਂ 'ਚ ਕਰੀਬ 9 ਕਰੋੜ ਲੋਕ ਪੋਲਰ ਵੋਰਟੈਕਸ ਕਾਰਨ ਕਹਿਰ ਦੀ ਠੰਢ ਦਾ ਸਾਹਮਣਾ ਕਰ ਰਹੇ ਹਨ। ਤਾਪਮਾਨ ਰਿਕਾਰਡ ਪੱਧਰ ਤੱਕ ਡਿੱਗ ਗਿਆ ਹੈ। ਸਕੂਲ ਬੰਦ ਹੋ ਗਏ ਹਨ, ਪਾਈਪਾਂ ਫਟ ਗਈਆਂ ਹਨ। 14 ਹਜ਼ਾਰ ਤੋਂ ਵੱਧ ਘਰਾਂ 'ਚ ਬਿਜਲੀ ਠੱਪ ਹੋ ਗਈ ਹੈ ਅਤੇ 17 ਹਜ਼ਾਰ ਥਾਵਾਂ 'ਤੇ ਪਾਣੀ ਦੀ ਸਪਲਾਈ ਬੰਦ ਹੋ ਗਈ ਹੈ। ਨੈਸ਼ਨਲ ਵੈਦਰ ਸਰਵਿਸ ਦੇ ਮੌਸਮ ਵਿਗਿਆਨੀ ਐਂਡਰਿਊ ਓਰੀਸਨ ਨੇ * ਬਾਕੀ ਸਫਾ 2 'ਤੇ

# ਪੰਜਾਬ 'ਚ 52 ਪੁਲਿਸ ਮੁਲਾਜ਼ਮ ਬਰਖ਼ਾਸਤ, ਭ੍ਰਿਸ਼ਟਾਚਾਰ 'ਤੇ ਸਰਕਾਰ ਦੀ ਵੱਡੀ ਕਾਰਵਾਈ



(ਪੰਜਾਬ ਸਟਾਰ ਬਿਊਰੋ) ਪੰਜਾਬ ਪੁਲਿਸ ਨੇ ਭ੍ਰਿਸ਼ਟਾਚਾਰ ਵਿਰੁੱਧ ਵੱਡੀ ਕਾਰਵਾਈ ਕੀਤੀ ਹੈ। ਭ੍ਰਿਸ਼ਟਾਚਾਰ ਵਿੱਚ ਸ਼ਾਮਲ 52 ਪੁਲਿਸ ਅਧਿਕਾਰੀ ਬਰਖ਼ਾਸਤ ਕਰ ਦਿੱਤੇ ਗਏ। ਇਸ ਵਿੱਚ ਕਾਂਸਟੇਬਲ ਤੋਂ ਲੈ ਕੇ ਇੰਸਪੈਕਟਰ ਰੈਂਕ ਤੱਕ ਦੇ ਕਰਮਚਾਰੀ ਸ਼ਾਮਲ ਹਨ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਪ੍ਰੈਸ ਕਾਨਫਰੰਸ ਵਿੱਚ ਇਹ ਜਾਣਕਾਰੀ ਦਿੱਤੀ। * ਬਾਕੀ ਸਫਾ 2 'ਤੇ

# ਟੈਰਿਫ਼ ਦੇ ਮੁੱਦੇ 'ਤੇ ਕੋਈ ਵੀ ਮੇਰੇ ਨਾਲ ਬਹਿਸ ਨਹੀਂ ਕਰ ਸਕਦਾ : ਟਰੰਪ

## ਟਰੰਪ ਨੇ ਅਮਰੀਕਾ ਅਤੇ ਭਾਰਤ ਦੇ ਮੌਜੂਦਾ ਟੈਰਿਫ਼ ਢਾਂਚੇ 'ਤੇ ਅਪਣੇ ਰੁਖ਼ ਨੂੰ ਦੁਹਰਾਇਆ



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਪੱਸ਼ਟ ਕਰ ਦਿਤਾ ਹੈ ਕਿ ਭਾਰਤ ਨੂੰ ਵਾਸ਼ਿੰਗਟਨ ਦੇ ਜਵਾਬੀ ਟੈਰਿਫ਼ ਤੋਂ ਛੋਟ ਨਹੀਂ ਦਿਤੀ ਜਾਵੇਗੀ। ਉਨ੍ਹਾਂ ਕਿਹਾ, 'ਟੈਰਿਫ਼ ਦੇ ਮੁੱਦੇ 'ਤੇ ਕੋਈ ਵੀ ਮੇਰੇ ਨਾਲ ਬਹਿਸ ਨਹੀਂ ਕਰ ਸਕਦਾ।' ਟਰੰਪ ਨੇ ਇਹ ਟਿੱਪਣੀਆਂ ਫੌਕਸ ਨਿਊਜ਼ ਨਾਲ ਇਕ ਹਾਲੀਆ ਇੰਟਰਵਿਊ ਦੌਰਾਨ ਕੀਤੀਆਂ।

ਫੌਕਸ ਨਿਊਜ਼ ਨੇ ਨੂੰ ਰਾਸ਼ਟਰਪਤੀ ਟਰੰਪ ਅਤੇ ਅਰਬਪਤੀ ਐਲੋਨ ਮਸਕ ਨਾਲ ਇਕ ਸਾਂਝਾ ਟੈਲੀਵਿਜ਼ਨ ਇੰਟਰਵਿਊ ਪ੍ਰਸਾਰਤ ਕੀਤਾ। 13 ਫ਼ਰਵਰੀ ਨੂੰ, ਵ੍ਹਾਈਟ ਹਾਊਸ ਵਿਖੇ ਪ੍ਰਧਾਨ ਮੰਤਰੀ ਮੋਦੀ ਦੀ ਟਰੰਪ ਨਾਲ ਦੁਵੱਲੀ ਮੁਲਾਕਾਤ ਤੋਂ ਕੁੱਝ ਘੰਟੇ ਪਹਿਲਾਂ, ਅਮਰੀਕੀ ਰਾਸ਼ਟਰਪਤੀ ਨੇ ਜਵਾਬੀ ਟੈਰਿਫ਼ ਦਾ ਐਲਾਨ ਕੀਤਾ।

ਇਸ ਯੋਜਨਾ ਦੇ ਤਹਿਤ, ਟਰੰਪ ਪ੍ਰਸ਼ਾਸਨ ਹਰੇਕ ਵਿਦੇਸ਼ੀ ਵਪਾਰਕ ਭਾਈਵਾਲ 'ਤੇ ਲਗਭਗ ਬਰਾਬਰ ਜਵਾਬੀ * ਬਾਕੀ ਸਫਾ 2 'ਤੇ

# ਅਮਰੀਕਾ ਤੋਂ ਡਿਪੋਰਟ 300 ਵਿਅਕਤੀ ਪਨਾਮਾ ਦੇ ਹੋਟਲ 'ਚ ਨਜ਼ਰਬੰਦ

## ਬਹੁਤੇ ਡਿਪੋਰਟੀਜ਼ ਭਾਰਤ, ਇਰਾਨ, ਪਾਕਿਸਤਾਨ, ਅਫ਼ਗਾਨਿਸਤਾਨ ਤੇ ਚੀਨ ਆਦਿ ਮੁਲਕਾਂ ਨਾਲ ਸਬੰਧਤ



ਪਨਾਮਾ ਸ਼ਹਿਰ (ਪੰਜਾਬ ਸਟਾਰ ਬਿਊਰੋ) : ਅਮਰੀਕਾ ਤੋਂ ਡਿਪੋਰਟ ਕੀਤੇ ਜਾਣ ਵਾਲੇ ਤਿੰਨ ਸੌ ਦੇ ਕਰੀਬ ਲੋਕਾਂ ਨੂੰ ਪਨਾਮਾ ਦੇ ਇਕ ਹੋਟਲ ਵਿਚ ਨਜ਼ਰਬੰਦ ਕੀਤਾ ਗਿਆ ਹੈ। ਇਹ ਗ਼ੈਰਕਾਨੂੰਨੀ ਪਰਵਾਸੀ ਕੌਮਾਂਤਰੀ ਅਥਾਰਿਟੀਜ਼ ਵੱਲੋਂ ਉਨ੍ਹਾਂ ਨੂੰ ਆਪੋ ਆਪਣੇ ਮੁਲਕ * ਬਾਕੀ ਸਫਾ 2

# ਜ਼ਿਆਦਾ ਡਿਪੋਰਟੀ ਪੰਜਾਬ ਦੇ ਹੋਣ ਕਾਰਨ ਅੰਮ੍ਰਿਤਸਰ 'ਚ ਉਤਾਰੀਆਂ ਉਡਾਣਾਂ: ਕੇਂਦਰ

ਨਵੀਂ ਦਿੱਲੀ (ਪੰਜਾਬ ਸਟਾਰ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਭਾਰਤੀ ਡਿਪੋਰਟੀਆਂ ਨੂੰ ਲੈ ਕੇ ਆਉਣ ਵਾਲੀਆਂ ਅਮਰੀਕੀ ਉਡਾਣਾਂ ਅੰਮ੍ਰਿਤਸਰ ਉਤਾਰਨ ਸਬੰਧੀ ਜਤਾਏ ਗਏ ਇਤਰਾਜ਼ 'ਤੇ ਕੇਂਦਰ ਨੇ ਕਿਹਾ ਕਿ ਇਨ੍ਹਾਂ ਗੈਰ-ਕਾਨੂੰਨੀ ਪਰਵਾਸੀਆਂ ਦਾ ਸਭ ਤੋਂ ਵੱਡਾ ਹਿੱਸਾ ਇਸੇ ਸੂਬੇ ਦਾ ਹੈ। 5 ਫਰਵਰੀ ਤੋਂ ਭਾਰਤ ਪਹੁੰਚੀਆਂ ਤਿੰਨ ਉਡਾਣਾਂ ਦੇ ਅੰਕੜੇ ਸਾਂਝੇ ਕਰਦਿਆਂ ਸੂਤਰਾਂ ਨੇ ਕਿਹਾ ਕਿ ਅਮਰੀਕੀ ਫ਼ੌਜੀ ਜਹਾਜ਼ਾਂ ਰਾਹੀਂ ਵਾਪਸ ਭੇਜੇ ਗਏ * ਬਾਕੀ ਸਫਾ 2 'ਤੇ

# ਕੈਨੇਡਾ ਦੀਆਂ ਯੂਨੀਵਰਸਿਟੀਆਂ ਸਿਰਫ਼ ਇੱਕ ਦੇਸ਼ ਤੋਂ ਹੀ ਸਟੂਡੈਂਟ ਵੀਜ਼ੇ 'ਤੇ ਵਿਦਿਆਰਥੀ ਨਾ ਲੈ ਕੇ ਆਉਣ: ਮਿਲਰ



ਟੋਰਾਂਟੋ (ਅਵਤਾਰ ਧਾਲੀਵਾਲ): ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਯੂਨੀਵਰਸਿਟੀਆਂ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਭਰਤੀ (ਦਾਖਲੇ) ਵਿੱਚ ਵਧੇਰੇ ਵਿਭਿੰਨਤਾ ਲਿਆਉਣ ਦੀ ਸਿਫਾਰਸ਼ ਕੀਤੀ ਹੈ। ਸਰਕਾਰ ਨੂੰ ਚਿੰਤਾ ਹੈ ਕਿ ਕਿਸੇ ਇੱਕ ਹੀ ਦੇਸ਼, ਵਿਸ਼ੇਸ਼ ਤੌਰ 'ਤੇ ਭਾਰਤ, 'ਤੇ ਆਧਾਰਿਤ ਰਹਿਣ ਨਾਲ ਉੱਚ ਸਿੱਖਿਆ ਪ੍ਰਣਾਲੀ ਦੀ ਟਿਕਾਊ ਅਤੇ ਪ੍ਰਵਾਸੀ ਨੀਤੀ ਦੀ ਸ਼ੁੱਧਤਾ ਪ੍ਰਭਾਵਿਤ ਹੋ ਸਕਦੀ ਹੈ। ਇਸੇ ਕਰਕੇ, ਮਿਲਰ ਨੇ ਵਿਦਿਆਰਥੀਆਂ * ਬਾਕੀ ਸਫਾ 2 'ਤੇ

# ਕੈਨੇਡਾ ਨੇ ਇਮੀਗ੍ਰੇਸ਼ਨ ਨਿਯਮਾਂ ਨੂੰ ਕੀਤਾ ਸਖ਼ਤ:

## ਵੀਜ਼ਾ, ਪੜ੍ਹਾਈ, ਵਰਕ ਪਰਮਿਟ ਹੁਣ ਰੱਦ ਕਰਨਾ ਆਸਾਨ



ਓਟਾਵਾ (ਬਲਜਿੰਦਰ ਸੇਖਾ) : ਕੈਨੇਡਾ ਇੰਮੀਗਰੇਸਨ ਨੇ ਨਵੇਂ ਰੈਗੂਲੇਟਰੀ ਸੋਧਾਂ ਦਾ ਐਲਾਨ ਕੀਤਾ ਹੈ ਜਿਸ ਨਾਲ ਸਰਹੱਦੀ (CBSA) ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਅਸਥਾਈ ਨਿਵਾਸੀ ਦਸਤਾਵੇਜ਼ਾਂ ਨੂੰ ਰੱਦ ਕਰਨ ਦਾ ਵਿਸ਼ਾਲ ਅਧਿਕਾਰ ਦਿੱਤਾ ਗਿਆ ਹੈ। ਜਿਸ ਵਿੱਚ ਸਟੂਡੈਂਟ ਅਤੇ ਕੰਮ ਵਰਕ ਪਰਮਿਟ ਸ਼ਾਮਲ ਹਨ। ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਕੈਨੇਡਾ (IRCC) ਦੁਆਰਾ ਲਾਗੂ ਕੀਤੇ ਗਈਆਂ ਇਹ ਸੋਧਾਂ * ਬਾਕੀ ਸਫਾ 2 'ਤੇ

# 26 ਹਜ਼ਾਰ ਪ੍ਰਵਾਸੀ ਬੱਚਿਆਂ 'ਤੇ ਵੀ ਲਟਕੀ ਡਿਪੋਰਟੇਸ਼ਨ ਦੀ ਤਲਵਾਰ !



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ) : ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਵਿਚ ਅਮਰੀਕਾ ਵੱਲੋਂ ਗੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਐਕਸ਼ਨ ਲਗਾਤਾਰ ਜਾਰੀ ਹੈ। ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਪਹਿਲਾਂ ਹੀ ਫ਼ੌਜੀ ਜਹਾਜ਼ਾਂ ਰਾਹੀਂ ਡਿਪੋਰਟ ਕਰ ਕੇ ਆਪੋ-ਆਪਣੇ ਦੇਸ਼ ਵਾਪਸ ਭੇਜਿਆ ਜਾ ਰਿਹਾ ਹੈ। ਇਸ ਵਿਚਾਲੇ ਹੁਣ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਵਾਲੇ ਪ੍ਰਸ਼ਾਸਨ ਨੇ ਉਨ੍ਹਾਂ ਬੱਚਿਆਂ ਨੂੰ ਇਮੀਗ੍ਰੇਸ਼ਨ ਅਦਾਲਤ ਵਿਚ ਕਾਨੂੰਨੀ ਪ੍ਰਤੀਨਿਧਤਾ ਲਈ ਦਿੱਤੀ ਜਾਣ ਵਾਲੀ ਸਹਾਇਤਾ ਰੋਕ ਦਿੱਤੀ ਹੈ, ਜੋ ਕਥਿਤ ਤੌਰ 'ਤੇ ਇਕੱਲੇ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਦਾਖ਼ਲ ਹੋਏ ਸਨ।

ਸਰਕਾਰ ਦਾ ਇਹ ਕਦਮ ਉਨ੍ਹਾਂ ਲੋਕਾਂ ਲਈ ਝਟਕਾ ਹੈ, ਜੋ ਦੇਸ਼ ਨਿਕਾਲੇ ਦੀ ਲੜਾਈ ਲੜ ਰਹੇ ਹਨ ਅਤੇ ਵਕੀਲ ਦਾ ਖਰਚਾ ਨਹੀਂ ਚੁੱਕ ਸਕਦੇ। ਅਕੇਸ਼ੀਆ ਸੈਂਟਰ ਫਾਰ ਜਸਟਿਸ ਨੇ ਕਿਹਾ ਕਿ ਉਹ ਆਪਣੇ ਸੰਘੀ ਇਕਰਾਰਨਾਮੇ ਦੇ ਤਹਿਤ 26 ਹਜ਼ਾਰ ਪ੍ਰਵਾਸੀ ਬੱਚਿਆਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ। ਟਰੰਪ ਦੇ ਇਸ ਫ਼ੈਸਲੇ ਨਾਲ ਉਨ੍ਹਾਂ 'ਤੇ ਵੀ ਡਿਪੋਰਟੇਸ਼ਨ ਦੀ ਤਲਵਾਰ ਲਟਕ ਗਈ ਹੈ, ਕਿਉਂਕਿ ਉਨ੍ਹਾਂ ਨੂੰ ਇਮੀਗ੍ਰੇਸ਼ਨ * ਬਾਕੀ ਸਫਾ 2 'ਤੇ

# ਅਮਰੀਕਾ ਦਾ ਸੁਪਨਾ ਸੱਚ ਕਰਨ ਲਈ 127 ਪੰਜਾਬੀਆਂ ਨੇ ਖ਼ਰਚੇ ਸਨ ਕੁੱਲ 43 ਕਰੋੜ ਰੁਪਏ



ਚੰਡੀਗੜ੍ਹ (ਪੰਜਾਬ ਸਟਾਰ ਬਿਊਰੋ) : ਪੰਜਾਬ ਦੇ 127 ਗੈਰ-ਕਾਨੂੰਨੀ ਪ੍ਰਵਾਸੀਆਂ ਬਾਰੇ ਹੈਰਾਨ ਕਰਨ ਵਾਲਾ ਪ੍ਰਗਟਾਵਾ ਹੋਇਆ ਹੈ ਜਿਨ੍ਹਾਂ ਨੇ ਅਮਰੀਕੀ ਸੁਪਨੇ ਨੂੰ ਪੂਰਾ ਕਰਨ ਲਈ ਟਰੈਵਲ ਏਜੰਟਾਂ ਨੂੰ 43 ਕਰੋੜ ਰੁਪਏ ਦਿਤੇ ਸਨ। ਬਦਕਿਸਮਤੀ ਨਾਲ, ਉਨ੍ਹਾਂ ਨੂੰ ਅਮਰੀਕੀ ਅਧਿਕਾਰੀਆਂ ਨੇ * ਬਾਕੀ ਸਫਾ 2 'ਤੇ

ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131
Jasbir Singh Hundal
Registered Credit Counsellor
www.MakeMeDebtFree.ca 416-502-3100
Unit #20 - 7015 Tranmere Drive, Mississauga, ON, L5S 1T7

BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW
PERSONAL INJURY
◆ Auto Accident
◆ Family Member Claims
◆ Pedestrian Hit Accident
◆ Short & Long-Term Disability
◆ Slip & Fall
◆ CPP Disability
◆ Bicycle Accident
◆ Wrongful Death & Fata accidents

FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
Harjit Brar
Sales Representative
416-417-6010
HOMELIFE HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090
Vik Mehmi
Broker
416-500-6262

## ਅਮਰੀਕਾ ਵਲੋਂ ਭਾਰਤੀਆਂ ਨੂੰ ਕੱਢੇ ਜਾਣ ਦਾ ਮਾਮਲਾ

# ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਹੁਣ ਤੱਕ 15 ਮਾਮਲੇ ਕੀਤੇ ਦਰਜ



ਚੰਡੀਗੜ੍ਹ : ਭੋਲੇ-ਭਾਲੇ ਲੋਕਾਂ ਦਾ ਸ਼ੋਸ਼ਣ ਕਰਨ ਵਾਲੇ ਧੋਖੇਬਾਜ਼ ਇਮੀਗ੍ਰੇਸ਼ਨ ਏਜੰਟਾਂ 'ਤੇ ਅਪਣੀ ਕਾਰਵਾਈ ਜਾਰੀ ਰਖਦੇ ਹੋਏ ਏ.ਡੀ.ਜੀ.ਪੀ. ਐਨ.ਆਰ.ਆਈ. ਮਾਮਲੇ ਪ੍ਰਵੀਨ ਸਿਨਹਾ ਦੀ ਅਗਵਾਈ ਵਾਲੀ, ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਟਰੈਵਲ ਏਜੰਟਾਂ ਵਿਰੁਧ ਪੰਜ ਨਵੀਆਂ ਐਫ਼.ਆਈ.ਆਰਜ਼ ਦਰਜ ਕੀਤੀਆਂ ਹਨ ਅਤੇ ਦੋ ਹੋਰ ਧੋਖੇਬਾਜ਼ ਟਰੈਵਲ ਏਜੰਟਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਕਾਰਵਾਈ ਸਦਕਾ ਹੁਣ ਤਕ ਕੁਲ ਐਫ਼.ਆਈ.ਆਰਜ਼. ਦੀ ਗਿਣਤੀ 15 ਹੋ ਗਈ ਹੈ, ਜਦੋਂ ਕਿ ਗ੍ਰਿਫ਼ਤਾਰੀਆਂ ਦੀ ਗਿਣਤੀ ਤਿੰਨ ਹੋ ਗਈ ਹੈ। ਇਹ ਐਫ਼.ਆਈ.ਆਰਜ਼. ਉਨ੍ਹਾਂ ਏਜੰਟਾਂ ਵਿਰੁਧ ਦਰਜ ਕੀਤੀਆਂ ਗਈਆਂ ਹਨ, ਜਿਨ੍ਹਾਂ ਨੇ ਕਥਿਤ ਤੌਰ 'ਤੇ ਪੀੜਤਾਂ ਨੂੰ ਅਮਰੀਕਾ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਦੇ ਝੂਠੇ ਵਾਅਦੇ ਕਰ ਕੇ ਧੋਖਾ ਦਿਤਾ ਸੀ ਜਿਸ ਦੇ ਨਤੀਜੇ ਵਜੋਂ ਉਨ੍ਹਾਂ (ਪੀੜਤਾਂ) ਦੀ ਵਤਨ ਵਾਪਸੀ ਹੋਈ ਹੈ। ਤਾਜ਼ਾ ਐਫ਼.ਆਈ.ਆਰ. 17 ਅਤੇ 18 ਫ਼ਰਵਰੀ, 2025 ਨੂੰ ਤਰਨਤਾਰਨ, ਐਸ.ਏ.ਐਸ. ਨਗਰ, ਮੋਗਾ ਅਤੇ ਸੰਗਰੂਰ ਜ਼ਿਲ੍ਹਿਆਂ ਵਿਚ ਦਰਜ ਕੀਤੀਆਂ ਗਈਆਂ। ਅਣ-ਅਧਿਕਾਰਤ ਨੈੱਟਵਰਕਾਂ ਰਾਹੀਂ ਕੰਮ ਕਰਨ ਵਾਲੇ ਦੋਸ਼ੀ ਏਜੰਟ, ਪੀੜਤਾਂ ਤੋਂ ਸੁਰੱਖਿਅਤ ਅਤੇ ਕਾਨੂੰਨੀ ਇਮੀਗ੍ਰੇਸ਼ਨ ਰੂਟਾਂ ਦਾ ਵਾਅਦਾ ਕਰ ਕੇ ਮੋਟੀਆਂ ਰਕਮਾਂ ਵਸੂਲਦੇ ਹਨ, ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਗ਼ੈਰ-ਮਨੁੱਖੀ ਸਥਿਤੀਆਂ, ਨਜ਼ਰਬੰਦੀ ਅਤੇ ਅੰਤ ਵਿਚ ਵਤਨ ਵਾਪਸੀ ਦਾ ਸਾਹਮਣਾ ਕਰਨਾ ਪੈਂਦਾ ਹੈ। ਦੋ ਟਰੈਵਲ ਏਜੰਟਾਂ ਨੂੰ ਸੰਗਰੂਰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ। ਇਹ ਕਾਰਵਾਈ ਕੁੱਝ ਦਿਨ ਪਹਿਲਾਂ ਪੁਲਿਸ ਥਾਣਾ ਐਨਆਰਆਈ ਪਟਿਆਲਾ ਦੁਆਰਾ ਕੀਤੀ ਗਈ ਗ੍ਰਿਫ਼ਤਾਰੀ ਤੋਂ ਕੁੱਝ ਦਿਨ ਬਾਅਦ ਹੋਈ ਹੈ। ਡੀਜੀਪੀ ਪੰਜਾਬ ਗੌਰਵ ਯਾਦਵ ਨੇ ਦੁਹਰਾਇਆ ਕਿ ਪੰਜਾਬ ਪੁਲਿਸ ਇਨ੍ਹਾਂ ਧੋਖੇਬਾਜ਼ ਇਮੀਗ੍ਰੇਸ਼ਨ ਸਿੰਡੀਕੇਟਾਂ ਨੂੰ ਖ਼ਤਮ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਨੇ ਪੀੜਤਾਂ ਨੂੰ ਬਿਨਾਂ ਕਿਸੇ ਡਰ ਦੇ ਅੱਗੇ ਆਉਣ ਦੀ ਅਪੀਲ ਕੀਤੀ ਅਤੇ ਦੋਸ਼ੀਆਂ ਵਿਰੁਧ ਸਖ਼ਤ ਕਾਨੂੰਨੀ ਕਾਰਵਾਈ ਦਾ ਭਰੋਸਾ ਦਿੱਤਾ।

## ਡੌਂਕੀ ਰਾਹੀਂ ਅਮਰੀਕਾ ਭੇਜਣ ਦੇ ਮਾਮਲੇ 'ਚ ਪੰਜਾਬ ਪੁਲਿਸ ਦਾ ਵੱਡਾ ਐਕਸ਼ਨ, ਕਿਸਾਨ ਆਗੂ ਸੁਖਵਿੰਦਰ ਸਿੰਘ 'ਤੇ FIR ਦਰਜ



ਅਮਰੀਕਾ ਵੱਲੋਂ ਹੁਣ ਤੱਕ ਤਿੰਨ ਜਹਾਜ਼ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਭੇਜੇ ਜਾ ਚੁੱਕੇ ਹਨ। ਇਨ੍ਹਾਂ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਵੀ ਸ਼ਾਮਲ ਹਨ। ਜਦੋਂ ਇਹ ਨੌਜਵਾਨ ਅਮਰੀਕਾ ਤੋਂ ਡਿਪੋਰਟ ਹੋ ਕੇ ਪੰਜਾਬ ਪਹੁੰਚੇ ਸਨ ਤਾਂ ਪੰਜਾਬ ਸਰਕਾਰ ਨੇ ਇਨ੍ਹਾਂ ਨੌਜਵਾਨਾਂ ਨੂੰ ਭਰੋਸਾ ਦਿੱਤਾ ਸੀ ਕਿ ਜਿਹੜੇ ਏਜੰਟਾਂ ਵੱਲੋਂ ਇਨ੍ਹਾਂ ਨੂੰ ਗਲਤ ਤਰੀਕੇ ਨਾਲ ਵਿਦੇਸ਼ ਭੇਜਿਆ ਗਿਆ ਹੈ, ਹੁਣ ਉਨ੍ਹਾਂ 'ਤੇ ਨਕੇਲ ਕੱਸੀ ਜਾਵੇਗੀ ਤੇ ਕਿਸੇ ਵੀ ਕੀਮਤ ਉਤੇ ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਅਜਿਹੇ ਵਿਚ ਜਦੋਂ ਨੌਜਵਾਨ ਪੰਜਾਬ ਪਹੁੰਚੇ ਤਾਂ ਪੰਜਾਬ ਸਰਕਾਰ ਵੀ ਸਖਤ ਹੁੰਦੀ ਦਿਖਾਈ ਦਿੱਤੀ। ਇਸੇ ਤਹਿਤ ਪੰਜਾਬ ਪੁਲਿਸ ਵੱਲੋਂ ਵੱਡਾ ਐਕਸ਼ਨ ਲਿਆ ਗਿਆ ਹੈ। ਅਮਰੀਕਾ ਤੋਂ ਡਿਪੋਰਟ ਹੋਏ ਧਰਮਕੋਟ ਦੇ ਪਿੰਡ ਪੰਡੋਰੀ ਅਰਾਈਆਂ ਦੇ ਜਸਵਿੰਦਰ ਸਿੰਘ ਨਾਲ ਠੱਗੀ ਮਾਨ ਵਾਲੇ ਸੁਖਵਿੰਦਰ ਸਿੰਘ ਸੁੱਖ ਗਿੱਲ ਤੇ ਉਸ ਦੀ ਮਾਤਾ ਸਣੇ 4 ਜਣਿਆਂ 'ਤੇ ਮੋਗਾ ਦੀ ਧਰਮਕੋਟ ਪੁਲਿਸ ਨੇ ਮਾਮਲਾ ਦਰਜ ਕੀਤਾ ਹੈ। ਦੱਸ ਦੇਈਏ ਕਿ ਸੁਖਵਿੰਦਰ ਸਿੰਘ ਗਿੱਲ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਦਾ ਸੂਬਾ ਪ੍ਰਧਾਨ ਹੈ ਤੇ ਪੁਲਿਸ ਵੱਲੋਂ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਨੇ ਪਹਿਲਾਂ ਹੀ ਸਖਤੀ ਦੇ ਨਾਲ ਚੇਤਾਵਨੀ ਦਿੱਤੀ ਸੀ ਕਿ ਜਿਹੜੇ ਏਜੰਟਾਂ ਨੇ ਨੌਜਵਾਨਾਂ ਨੂੰ ਠੱਗਿਆ ਹੈ ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾਵੇਗੀ।

# ਭਾਰਤ ਨੂੰ ਫ਼ੰਡਾਂ ਦੀ ਕੀ ਲੋੜ, ਉਨ੍ਹਾਂ ਕੋਲ ਬਹੁਤ ਜ਼ਿਆਦਾ ਪੈਸਾ ਹੈ: ਟਰੰਪ

## ਕਿਹਾ, ਭਾਰਤ ਸੱਭ ਤੋਂ ਵੱਧ ਟੈਕਸ ਲਾਉਣ ਵਾਲੇ ਦੇਸ਼ਾਂ 'ਚ ਇਕ



ਅਮਰੀਕੀ ਸਰਕਾਰ ਦੇ ਡਿਪਾਰਟਮੈਂਟ ਆਫ਼ ਗਵਰਨਮੈਂਟ ਐਫੀਸ਼ੈਂਸੀ (ਡੀਓਜੀਈ) ਵਲੋਂ 'ਭਾਰਤ ਵਿਚ ਚੋਣ' ਲਈ ਮੰਜ਼ੂਰ 21 ਮਿਲੀਅਨ ਡਾਲਰ ਦੇ ਫ਼ੰਡ ਰੱਦ ਕਰਨ ਦੇ ਫ਼ੈਸਲੇ ਬਾਅਦ, ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਭਾਰਤ ਨੂੰ ਅਪਣੀ ਵਧਦੀ ਆਰਥਵਿਵਸਥਾ ਅਤੇ ਉੱਚ ਟੈਕਸ ਦਰਾਂ ਦੇ ਨਾਲ ਅਜਿਹੇ ਵਿਤੀ ਸਹਾਇਤਾ ਦੀ ਲੋੜ ਨਹੀਂ ਹੈ। ਜਦੋਂ ਕਿ ਉਨ੍ਹਾਂ ਨੇ ਭਾਰਤ ਅਤੇ ਇਸਦੇ ਪ੍ਰਧਾਨ ਮੰਤਰੀ ਲਈ ਅਪਣੇ ਸਨਮਾਨ ਨੂੰ ਸਵੀਕਾਰ ਕੀਤਾ, ਟਰੰਪ ਨੇ ਦੇਸ਼ ਵਿਚ ਚੋਣ ਪਹਿਲਕਦਮੀਆਂ ਨੂੰ ਫ਼ੰਡ ਦੇਣ ਦੇ ਵਿਚਾਰ ਦੀ ਆਲੋਚਨਾ ਕੀਤੀ। ਇਸ ਫ਼ੰਡਿੰਗ ਨੂੰ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜੋ ਬਾਈਡੇਨ ਦੇ ਪ੍ਰਸ਼ਾਸਨ ਨੇ ਮੰਜ਼ੂਰੀ ਦਿਤੀ ਸੀ, ਜਿਸਦਾ ਉਦੇਸ਼ ਭਾਰਤ ਵਿਚ ਚੋਣ ਪ੍ਰਕਿਰਿਆ ਨੂੰ ਬਿਹਤਰ ਅਤੇ ਪ੍ਰਭਾਵਸ਼ਾਲੀ ਬਣਾਉਣਾ ਸੀ। ਮੰਗਲਵਾਰ (ਸਥਾਨਕ ਸਮੇਂ) ਨੂੰ ਮਾਰ-ਏ-ਲਾਗੋ ਵਿਖੇ ਕਾਰਜਕਾਰੀ ਆਦੇਸ਼ਾਂ 'ਤੇ ਦਸਤਖ਼ਤ ਕਰਦੇ ਹੋਏ, ਟਰੰਪ ਨੇ ਕਿਹਾ, ''ਅਸੀਂ ਭਾਰਤ ਨੂੰ 21 ਮਿਲੀਅਨ ਡਾਲਰ ਕਿਉਂ ਦੇ ਰਹੇ ਹਾਂ? ਉਨ੍ਹਾਂ ਕੋਲ ਬਹੁਤ ਜ਼ਿਆਦਾ ਪੈਸਾ ਹੈ। ਉਹ ਸਾਡੇ ਮਾਮਲੇ ਵਿਚ ਦੁਨੀਆਂ ਦੇ ਸਭ ਤੋਂ ਵੱਧ ਟੈਕਸ ਲਗਾਉਣ ਵਾਲੇ ਦੇਸ਼ਾਂ ਵਿਚੋਂ ਇਕ ਹਨ; ਅਸੀਂ ਮੁਸ਼ਕਲ ਨਾਲ ਉੱਥੇ ਪਹੁੰਚ ਸਕਦੇ ਹਾਂ ਕਿਉਂਕਿ ਉਨ੍ਹਾਂ ਦੇ ਟੈਰਿਫ਼ ਬਹੁਤ ਜ਼ਿਆਦਾ ਹਨ। ਮੈਂ ਭਾਰਤ ਅਤੇ ਉਨ੍ਹਾਂ ਦੇ ਪ੍ਰਧਾਨ ਮੰਤਰੀ ਦਾ ਬਹੁਤ ਸਤਿਕਾਰ ਕਰਦਾ ਹਾਂ, ਪਰ ਵੋਟਿੰਗ ਲਈ 21 ਮਿਲੀਅਨ ਡਾਲਰ ਦੇਣ ਲਈ?'' 16 ਫ਼ਰਵਰੀ ਨੂੰ, ਡੀਓਜੀਈ ਨੇ ਅਮਰੀਕੀ ਟੈਕਸਦਾਤਾਵਾਂ ਦੁਆਰਾ ਫ਼ੰਡਿਗ ਪਹਿਲਕਦਮੀਆਂ ਦੀ ਇਕ ਸੂਚੀ ਪੋਸਟ ਕੀਤੀ, ਜਿਸ ਵਿਚ ''ਭਾਰਤ ਵਿਚ ਵੋਟਿੰਗ'' ਲਈ ਰੱਖੇ ਗਏ 21 ਮਿਲੀਅਨ ਡਾਲਰ ਦਾ ਜ਼ਿਕਰ ਕੀਤਾ ਗਿਆ। ਐਲਨ ਮਸਕ ਦੀ ਅਗਵਾਈ ਵਾਲੀ ਡੀਓਜੀਈ ਨੇ ਸਨਿਚਰਵਾਰ ਨੂੰ ''ਭਾਰਤ ਵਿਚ ਵੋਟਿੰਗ'' ਲਈ ਰੱਖੇ ਗਏ 22 ਮਿਲੀਅਨ ਡਾਲਰ ਫ਼ੰਡਾਂ ਨੂੰ ਰੱਦ ਕਰਨ ਦਾ ਐਲਾਨ ਕੀਤਾ। ਐਕਸ 'ਤੇ ਇਕ ਪੋਸਟ ਵਿਚ, ਡੀਓਜੀਈ ਨੇ ''ਅਮਰੀਕੀ ਟੈਕਸਦਾਤਾਵਾਂ ਵਲੋਂ ਰੱਦ ਕੀਤੇ ਗਏ ਖ਼ਰਚਿਆਂ ਦੀ ਗਿਣਤੀ ਸੂਚੀਬੱਧ ਕੀਤੀ, ਜਿਸ ਵਿਚ ''ਭਾਰਤ 'ਚ ਵੋਟਿੰਗ ਲਈ 21 ਮਿਲੀਅਨ ਡਾਲਰ'' ਸ਼ਾਮਲ ਹਨ। ਮਸਕ ਦੀ ਅਗਵਾਈ ਵਾਲੇ ਵਿਭਾਗ ਨੇ ਐਲਾਨ ਕੀਤਾ ਕਿਹਾ, ''ਅਮਰੀਕੀ ਟੈਕਸਦਾਤਾਵਾਂ ਦੇ ਡਾਲਰ ਹੇਠ ਲਿਖੀਆਂ ਚੀਜ਼ਾਂ 'ਤੇ ਖ਼ਰਚ ਕੀਤੇ ਜਾਣੇ ਸਨ, ਜਿਨ੍ਹਾਂ ਨੂੰ ਰੱਦ ਕਰ ਦਿਤਾ ਗਿਆ ਹੈ।''

ਭਾਰਤੀ ਜਨਤਾ ਪਾਰਟੀ ਦੇ ਅਮਿਤ ਮਾਲਵੀਆ ਨੇ ਇਸ ਘੋਸ਼ਣਾ 'ਤੇ ਪ੍ਰਤੀਕਿਰਿਆ ਦੇਣ ਲਈ ਐਕਸ 'ਤੇ ਲਿਖਿਆ, ''ਵੋਟਰ ਵੋਟਿੰਗ ਲਈ 21 ਮਿਲੀਅਨ ਡਾਲਰ? ਇਹ ਯਕੀਨੀ ਤੌਰ 'ਤੇ ਭਾਰਤ ਦੀ ਚੋਣ ਪ੍ਰਕਿਰਿਆ ਵਿਚ ਬਾਹਰੀ ਦਖਲਅੰਦਾਜ਼ੀ ਹੈ। ਇਸ ਨਾਲ ਕਿਸ ਦਾ ਫਾਇਦਾ ਹੋਵੇਗਾ? ਯਕੀਨਨ ਸੱਤਾਧਾਰੀ ਪਾਰਟੀ ਨੂੰ ਨਹੀਂ!''

## ਜਲੰਧਰ 'ਚ ਦੇਰ ਰਾਤ ਵਾਪਰੇ ਹਾਦਸੇ 'ਚ 2 ਜਿਗਰੀ ਯਾਰਾਂ ਦੀ ਮੌਤ



ਜਲੰਧਰ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ। ਇਥੇ ਟੀਵੀ ਸੈਂਟਰ ਨੇੜੇ ਦੇਰ ਰਾਤ ਇਕ ਭਿਆਨਕ ਸੜਕ ਹਾਦਸਾ ਵਾਪਰਿਆ ਹੈ। ਇਥੇ ਇਕ ਬੋਲੈਰੋ ਨੇ ਐਕਟਿਵਾ ਨੂੰ ਟੱਕਰ ਮਾਰ ਦਿੱਤੀ ਹੈ। ਹਾਦਸੇ ਵਿਚ ਐਕਟਿਵਾ ਸਵਾਰ ਦੋ ਦੋਸਤਾਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਪੰਕਜ ਤੇ ਮੋਹਿਤ ਵਜੋਂ ਹੋਈ ਹੈ। ਮ੍ਰਿਤਕ ਪੰਕਜ ਦਾ ਵਿਆਹ ਢਾਈ ਮਹੀਨੇ ਪਹਿਲਾਂ ਹੋਇਆ ਸੀ। ਜਦਕਿ ਮੋਹਿਤ ਅਜੇ ਕੁਆਰਾ ਸੀ। ਦੋਵੇਂ ਦੋਸਤ ਸਪੋਰਟਸ ਮਾਰਕੀਟ ਵਿੱਚ ਕਾਰੋਬਾਰ ਕਰਦੇ ਸਨ। ਹਾਦਸੇ ਤੋਂ ਬਾਅਦ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁੱਤਾਂ ਦੀ ਮੌਤ ਦੀ ਖ਼ਬਰ ਮਿਲਣ ਤੋਂ ਬਾਅਦ ਰੋ-ਰੋ ਕੇ ਬੁਰਾ ਹਾਲ ਹੈ।




## ਪੇਜ ਇੱਕ ਦੀ ਬਾਕੀ

### ਅਮਰੀਕਾ ਦੇ 6 ਸੂਬਿਆਂ...

ਦੱਸਿਆ ਕਿ ਮੱਧ ਅਮਰੀਕਾ 'ਚ ਇਸ ਸਮੇਂ ਸਭ ਤੋਂ ਘੱਟ ਤਾਪਮਾਨ ਹੈ। ਮੱਧ ਪੱਛਮੀ ਅਮਰੀਕਾ ਦੇ ਕੁਝ ਇਲਾਕਿਆਂ 'ਚ ਤਾਪਮਾਨ ਮਾਈਨਸ 50 ਤੋਂ ਮਾਈਨਸ 60 ਡਿਗਰੀ ਤੱਕ ਪਹੁੰਚ ਗਿਆ ਹੈ। ਪੱਛਮੀ ਵਰਜੀਨੀਆ ਦੇ ਗਵਰਨਰ ਪੈਟ੍ਰਿਕ ਮੋਰਿਸੀ ਨੇ ਦੱਸਿਆ ਕਿ ਲਗਾਤਾਰ ਵਧਦੇ ਪਾਣੀ ਦੇ ਪੱਧਰ ਕਾਰਨ ਕਈ ਲੋਕ ਲਾਪਤਾ ਹਨ। ਕੈਂਟਕੀ ਅਤੇ ਉਸਦੇ ਆਸ-ਪਾਸ ਦੇ ਇਲਾਕਿਆਂ 'ਚ ਰੈਸਕਿਊ ਟੀਮ ਨੇ 1000 ਤੋਂ ਵੱਧ ਮੁਹਿੰਮਾਂ ਚਲਾਈਆਂ ਹਨ।

### ਪੰਜਾਬ 'ਚ 52 ਪੁਲਿਸ...

ਉਨ੍ਹਾਂ ਕਿਹਾ ਕਿ ਪੁਲਿਸ ਵਿਚ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਦੇ ਨਾਲ ਹੀ, ਦਿੱਲੀ ਪੁਲਿਸ ਦੀ ਤਰਜ਼ 'ਤੇ, ਈ-ਐਫਆਰਆਰ ਫ਼ਾਈਲ ਕਰਨ ਦੀ ਪ੍ਰਕਿਰਿਆ ਇਕ ਮਹੀਨੇ ਵਿਚ ਸ਼ੁਰੂ ਹੋ ਜਾਵੇਗੀ।

ਮੁਕਤਸਰ ਸਾਹਿਬ ਦੇ ਡੀਸੀ ਨੂੰ ਦੋ ਦਿਨ ਪਹਿਲਾਂ ਮੁਅੱਤਲ ਕੀਤਾ ਗਿਆ ਸੀ। ਪੰਜਾਬ ਸਰਕਾਰ ਭ੍ਰਿਸ਼ਟਾਚਾਰ ਵਿਰੁੱਧ ਲਗਾਤਾਰ ਕਾਰਵਾਈ ਕਰ ਰਹੀ ਹੈ। ਇਸ ਦੇ ਨਾਲ ਹੀ ਪੰਜਾਬ ਪੁਲਿਸ ਵੱਲੋਂ ਸਿਟੀਜ਼ਨ ਫ੍ਰੈਂਡਲੀ ਸਿਸਟਮ ਲਾਗੂ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਪੁਲਿਸ ਵੱਲੋਂ 43 ਸੇਵਾਵਾਂ ਆਨਲਾਈਨ ਮੁਹੱਈਆ ਕਰਵਾਈਆਂ ਗਈਆਂ ਸਨ। ਇਸ ਦੇ ਨਾਲ ਹੀ ਹੁਣ ਇਸ ਦਾ ਦਾਇਰਾ ਵੀ ਵਧਾਇਆ ਜਾਵੇਗਾ। ਇਸ ਵਿੱਚ ਲਗਭਗ 60 ਸੇਵਾਵਾਂ ਸ਼ਾਮਲ ਕੀਤੀਆਂ ਜਾਣਗੀਆਂ। ਲੋਕ ਸ਼ਾਮ ਨੂੰ ਸੈਂਟਰ ਜਾਂ ਘਰ ਬੈਠੇ ਹੀ ਇਨ੍ਹਾਂ ਸੇਵਾਵਾਂ ਦਾ ਲਾਭ ਲੈ ਸਕਣਗੇ। ਇਸ ਤੋਂ ਇਲਾਵਾ ਦਿੱਲੀ ਪੁਲਿਸ ਵਾਂਗ ਹੁਣ ਪੁਲਿਸ ਵੀ ਈ-ਐਫਆਈਆਰ ਸਿਸਟਮ ਸ਼ੁਰੂ ਕਰਨ ਜਾ ਰਹੀ ਹੈ। ਇਸ ਵਿੱਚ ਮੋਟਰ ਵਾਹਨਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾਵੇਗਾ। ਇਸ ਲਈ ਰਾਜ ਪੱਧਰੀ ਈ-ਪੁਲਿਸ ਸਟੇਸ਼ਨ ਨੂੰ ਸੂਚਿਤ ਕੀਤਾ ਜਾਵੇਗਾ। ਜਿੱਥੋਂ ਲੋਕਾਂ ਦੀਆਂ ਸ਼ਿਕਾਇਤਾਂ ਸਬੰਧਤ ਥਾਣੇ ਵਿੱਚ ਜਾਣਗੀਆਂ। ਜੇਕਰ 21 ਦਿਨਾਂ ਦੇ ਅੰਦਰ ਸ਼ਿਕਾਇਤ ਦਾ ਨਿਪਟਾਰਾ ਨਾ ਕੀਤਾ ਗਿਆ ਤਾਂ ਟਰੇਸ ਰਿਪੋਰਟ ਦਰਜ ਕਰਵਾਈ ਜਾਵੇਗੀ। ਇਸ ਦੇ ਲਈ ਸਾਨੂੰ ਹਾਈ ਕੋਰਟ ਦੀ ਮਨਜ਼ੂਰੀ ਦੀ ਲੋੜ ਹੈ। ਅਸੀਂ ਇਸ ਲਈ ਅਰਜ਼ੀ ਦਿੱਤੀ ਹੈ। ਇਸ ਦੇ ਨਾਲ ਹੀ ਜੇਕਰ ਜਾਂਚ 'ਚ ਕੁਝ ਵੀ ਸਾਹਮਣੇ ਆਉਂਦਾ ਹੈ ਤਾਂ ਉਸ ਦੀ ਜਾਣਕਾਰੀ ਜੋੜੀ ਜਾਵੇਗੀ।

### ਟੈਰਿਫ਼ ਦੇ ਮੁੱਦੇ 'ਤੇ...

ਟੈਰਿਫ਼ ਲਗਾਏਗਾ। ਇੰਟਰਵਿਊ ਦੌਰਾਨ, ਟਰੰਪ ਨੇ ਅਮਰੀਕਾ ਅਤੇ ਭਾਰਤ ਸਮੇਤ ਉਸ ਦੇ ਭਾਈਵਾਲਾਂ ਵਿਚਕਾਰ ਮੌਜੂਦਾ ਟੈਰਿਫ਼ ਢਾਂਚੇ 'ਤੇ ਅਪਣੇ ਰੁਖ਼ ਨੂੰ ਦੁਹਰਾਇਆ। ਰਾਸ਼ਟਰਪਤੀ ਟਰੰਪ ਨੇ ਕਿਹਾ, "ਮੈਂ ਕੱਲ ਪ੍ਰਧਾਨ ਮੰਤਰੀ ਮੋਦੀ ਨੂੰ ਕਿਹਾ ਸੀ (ਜਦੋਂ ਉਹ ਇੱਥੇ ਸਨ) 'ਅਸੀਂ ਇਹ ਕਰਨ ਜਾ ਰਹੇ ਹਾਂ, ਬਰਾਬਰ ਜਵਾਬੀ ਟੈਰਿਫ਼। ਤੁਸੀਂ ਜੋ ਵੀ ਟੈਰਿਫ਼ ਲਗਾਉਗੇ, ਮੈਂ ਵੀ ਉਹੀ ਕਰਾਂਗਾ। ਉਨ੍ਹਾਂ (ਮੋਦੀ) ਨੇ ਕਿਹਾ, 'ਨਹੀਂ, ਨਹੀਂ, ਮੈਨੂੰ ਇਹ ਪਸੰਦ ਨਹੀਂ ਹੈ।' ਤਾਂ ਮੈਂ ਕਿਹਾ, 'ਨਹੀਂ, ਨਹੀਂ, ਤੁਸੀਂ ਜੋ ਵੀ ਟੈਰਿਫ਼ ਲਗਾਉਗੇ, ਮੈਂ ਵੀ ਉਹੀ ਕਰਾਂਗਾ। ਮੈਂ ਹਰ ਦੇਸ਼ ਨਾਲ ਇਹੀ ਕਰ ਰਿਹਾ ਹਾਂ।"

ਭਾਰਤ ਅਮਰੀਕਾ ਤੋਂ ਕੁੱਝ ਆਯਾਤ 'ਤੇ ਬਹੁਤ ਸਖ਼ਤ ਟੈਰਿਫ਼ ਲਗਾਉਂਦਾ ਹੈ, ਜਿਵੇਂ ਕਿ ਆਟੋਮੋਬਾਈਲ ਸੈਕਟਰ 'ਤੇ 100 ਫ਼ੀ ਸਦੀ ਟੈਰਿਫ਼। ਇੰਟਰਵਿਊ ਦੌਰਾਨ ਮਸਕ ਨੇ ਕਿਹਾ, 'ਇਹ 100 ਫ਼ੀ ਸਦੀ ਹੈ, ਆਟੋਮੋਬਾਈਲ ਸੈਕਟਰ 'ਤੇ 100 ਫ਼ਪੀ ਸਦੀ ਟੈਰਿਫ਼ ਹੈ। ਹਾਂ, ਇਹ ਬਹੁਤ ਜ਼ਿਆਦਾ ਹੈ ਅਤੇ ਕਈ ਹੋਰ ਚੀਜ਼ਾਂ 'ਤੇ ਵੀ ਅਜਿਹੀ ਹੀ ਕੁੱਝ ਹੈ।' ਮੈਂ ਕਿਹਾ, 'ਅਸੀਂ ਇਹੀ ਕਰਨ ਜਾ ਰਹੇ ਹਾਂ, ਜਵਾਬੀ ਟੈਰਿਫ਼।' ਤੁਸੀਂ ਜੋ ਵੀ ਟੈਰਿਫ਼ ਲਗਾਉਗੇ, ਮੈਂ ਵੀ ਉਹੀ ਟੈਰਿਫ਼ ਲਗਾਵਾਂਗਾ।' ਟਰੰਪ ਨੇ ਕਿਹਾ ਜਵਾਬੀ ਟੈਰਿਫ਼ ਪ੍ਰਣਾਲੀ ਦੇ ਤਹਿਤ, ਅਮਰੀਕਾ ਭਾਰਤੀ ਦਰਾਮਦਾਂ 'ਤੇ ਉਸੇ ਪੱਧਰ ਦਾ ਟੈਰਿਫ਼ ਲਗਾਏਗਾ ਜਿਵੇਂ ਭਾਰਤ ਅਮਰੀਕੀ ਸਾਮਾਨਾਂ 'ਤੇ ਲਗਾਉਂਦਾ ਹੈ।

### ਅਮਰੀਕਾ ਤੋਂ ਡਿਪੋਰਟ...

ਵਾਪਸ ਭੇਜਣ ਦੀ ਉਡੀਕ ਕਰ ਰਹੇ ਹਨ। ਇਨ੍ਹਾਂ ਗੈਰਕਾਨੂੰਨੀ ਪਰਵਾਸੀਆਂ ਵਿਚੋਂ ਬਹੁਤੇ ਇਰਾਨ, ਭਾਰਤ, ਨੇਪਾਲ, ਸ੍ਰੀਲੰਕਾ, ਪਾਕਿਸਤਾਨ, ਅਫ਼ਗਾਨਿਸਤਾਨ, ਚੀਨ ਤੇ ਹੋਰਨਾਂ ਏਸ਼ਿਆਈ ਮੁਲਕਾਂ ਨਾਲ ਸਬੰਧਤ ਹਨ। ਅਥਾਰਿਟੀਜ਼ ਦਾ ਕਹਿਣਾ ਹੈ ਕਿ ਇਨ੍ਹਾਂ ਵਿਚੋਂ 40 ਫੀਸਦ ਤੋਂ ਵੱਧ ਪਰਵਾਸੀ ਸਵੈ-ਇੱਛਾ ਨਾਲ ਆਪੋ-ਆਪਣੇ ਮੁਲਕਾਂ ਨੂੰ ਵਾਪਸ ਜਾਣਾ ਚਾਹੁੰਦੇ ਹਨ।

ਅਮਰੀਕਾ ਨੂੰ ਇਨ੍ਹਾਂ ਵਿੱਚੋਂ ਕੁਝ ਨੂੰ ਸਿੱਧੇ ਉਨ੍ਹਾਂ ਦੇ ਮੁਲਕ ਡਿਪੋਰਟ ਕਰਨ ਵਿਚ ਮੁਸ਼ਕਲ ਆ ਰਹੀ ਹੈ, ਲਿਹਾਜ਼ਾ ਪਨਾਮਾ ਨੂੰ ਰਸਤੇ ਵਿਚ ਠਹਿਰ ਵਜੋਂ ਵਰਤਿਆ ਜਾ ਰਿਹਾ ਹੈ। ਪਨਾਮਾ ਦੇ ਸੁਰੱਖਿਆ ਮੰਤਰੀ ਫਰੈਂਕ ਅਬਰੇਗੋ ਨੇ ਮੰਗਲਵਾਰ ਨੂੰ ਕਿਹਾ ਕਿ ਪਨਾਮਾ ਅਤੇ ਅਮਰੀਕਾ ਦਰਮਿਆਨ ਪਰਵਾਸ ਸਮਝੌਤੇ ਤਹਿਤ ਪਰਵਾਸੀਆਂ ਨੂੰ ਡਾਕਟਰੀ ਸਹਾਇਤਾ ਅਤੇ ਭੋਜਨ ਮਿਲ ਰਿਹਾ ਹੈ। ਉਨ੍ਹਾਂ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਕਿ ਵਿਦੇਸ਼ੀ ਨਾਗਰਿਕਾਂ ਨੂੰ ਹੋਟਲ ਵਿਚ ਗੈਰ-ਕਾਨੂੰਨੀ ਹਿਰਾਸਤ 'ਚ ਰੱਖਿਆ ਗਿਆ ਹੈ। ਉਂਝ ਇਹ ਵਿਦੇਸ਼ੀ ਨਾਗਰਿਕ ਆਪਣੇ ਕਮਰਿਆਂ ਵਿਚੋਂ ਬਾਹਰ ਨਹੀਂ ਆ ਸਕਦੇ। ਹੋਟਲ ਦੇ ਬਾਹਰ ਪੁਲੀਸ ਦਾ ਪਹਿਰਾ ਹੈ।

ਪਨਾਮਾ ਸਰਕਾਰ ਹੁਣ ਡਿਪੋਰਟੀਆਂ ਲਈ ਇੱਕ 'ਪੁਲ' ਜਾਂ ਟਰਾਂਜ਼ਿਟ ਦੇਸ਼ ਵਜੋਂ ਕੰਮ ਕਰਨ ਲਈ ਸਹਿਮਤ ਹੋ ਗਈ ਹੈ, ਜਦੋਂ ਕਿ ਅਮਰੀਕਾ ਕਾਰਵਾਈ ਦੇ ਸਾਰੇ ਖਰਚੇ ਸਹਿਣ ਕਰੇਗਾ। ਇਸ ਸਮਝੌਤੇ ਦਾ ਐਲਾਨ ਇਸ ਮਹੀਨੇ ਦੇ ਸ਼ੁਰੂ ਵਿੱਚ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੀ ਫੇਰੀ ਮਗਰੋਂ ਕੀਤਾ ਗਿਆ ਸੀ। ਪਨਾਮਾ ਦੇ ਰਾਸ਼ਟਰਪਤੀ ਜੋਸ ਰਾਊਲ ਮੁਲੀਨੋ ਨੇ ਪਿਛਲੇ ਵੀਰਵਾਰ ਨੂੰ ਡਿਪੋਰਟੀਜ਼ ਦੀਆਂ ਪਹਿਲੀਆਂ ਉਡਾਣਾਂ ਦੇ ਆਉਣ ਦਾ ਐਲਾਨ ਕੀਤਾ ਸੀ।

### ਜ਼ਿਆਦਾ ਡਿਪੋਰਟੀ...

333 ਪਰਵਾਸੀਆਂ 'ਚੋਂ ਕੁੱਲ 126 ਪੰਜਾਬ ਦੇ ਵਸਨੀਕ ਹਨ। ਇਸ ਤੋਂ ਬਾਅਦ ਗੁਆਂਢੀ ਸੂਬੇ ਹਰਿਆਣਾ ਤੋਂ 110 ਅਤੇ ਗੁਜਰਾਤ ਤੋਂ 74 ਲੋਕ ਹਨ। ਸੂਤਰਾਂ ਨੇ ਦੱਸਿਆ ਕਿ ਮਈ 2020 ਤੋਂ ਹੁਣ ਤੱਕ ਡਿਪੋਰਟ ਕੀਤੇ ਭਾਰਤੀਆਂ ਨੂੰ ਲੈ ਕੇ 23 ਉਡਾਣਾਂ ਦੇਸ਼ ਪਹੁੰਚੀਆਂ ਹਨ ਅਤੇ ਇਹ ਸਾਰੀਆਂ ਅੰਮ੍ਰਿਤਸਰ ਹੀ ਉੱਤਰੀਆਂ ਹਨ।

### ਕੈਨੇਡਾ ਦੀਆਂ....

ਦੀ ਗਿਣਤੀ ਤੋਂ ਵਧ ਕੇ ਗੁਣਵੱਤਾ ਉੱਤੇ ਧਿਆਨ ਦੇਣ ਦੀ ਗੱਲ ਕਹੀ ਹੈ ਅਤੇ ਯੂਨੀਵਰਸਿਟੀਆਂ ਨੂੰ ਵੱਖ-ਵੱਖ ਦੇਸ਼ਾਂ, ਜਿਵੇਂ ਕਿ ਲਾਤੀਨੀ ਅਮਰੀਕਾ, ਅਫਰੀਕਾ ਅਤੇ ਦੱਖਣ-ਪੂਰਬੀ ਏਸ਼ੀਆ, ਤੋਂ ਹੋਰ ਵਿਦਿਆਰਥੀਆਂ ਆਕਰਸ਼ਿਤ ਕਰਨ ਲਈ ਉਤਸ਼ਾਹਤ ਕੀਤਾ ਹੈ। ਇਸ ਤੋਂ ਲੱਗ ਰਿਹਾ ਕਿ ਇੰਡੀਆ ਨੂੰ ਸਟੱਡੀ ਵੀਜ਼ਿਆਂ ਲਈ ਨਾਂਹ ਹੀ ਹੈ।

### ਕੈਨੇਡਾ ਨੇ ਇਮੀਗ੍ਰੇਸ਼ਨ...

31 ਜਨਵਰੀ, 2025 ਨੂੰ ਲਾਗੂ ਹੋਈਆਂ ਸਮਝੀਆਂ ਜਾਣਗੀਆਂ। ਜੋ ਕਿ ਕੈਨੇਡਾ ਗਜ਼ਟ II ਵਿੱਚ ਦਰਜ ਹਨ। ਇਹ ਕਾਨੂੰਨ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ, ਇਮੀਗ੍ਰੇਸ਼ਨ ਧੋਖਾਧੜੀ ਨੂੰ ਰੋਕਣ ਅਤੇ ਕੈਨੇਡਾ ਦੇ ਅਸਥਾਈ ਨਿਵਾਸ ਪ੍ਰੋਗਰਾਮਾਂ ਦੀ ਅਖੰਡਤਾ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਅੱਪਡੇਟ ਕੀਤਾ ਢਾਂਚਾ ਪਿਛਲੀਆਂ ਨੀਤੀਆਂ ਤੋਂ ਇੱਕ ਪੈਰਾਡਾਈਮ ਸ਼ਿਫਟ ਨੂੰ ਦਰਸਾਉਂਦਾ ਹੈ, ਜਿਸ ਨਾਲ ਉਸ ਦਾਇਰੇ ਨੂੰ ਮਹੱਤਵਪੂਰਨ ਤੌਰ 'ਤੇ ਵਧਾਇਆ ਗਿਆ ਹੈ ਜਿਸ ਦੇ ਤਹਿਤ ਇੰਮੀਗੇਸ਼ਨ ਅਧਿਕਾਰੀ, ਜਾਰੀ ਹੋ ਚੁੱਕੇ ਵਿਜ਼ਟਰ ਵੀਜ਼ੇ ਜਾਂ ਜਾਰੀ ਹੋਣ ਵਾਲੇ ਅਸਥਾਈ ਨਿਵਾਸੀ ਦਸਤਾਵੇਜ਼ਾਂ ਨੂੰ ਰੱਦ ਕਰ ਸਕਦੇ ਹਨ। ਇਸ ਮਹੱਤਵਪੂਰਨ ਤਬਦੀਲੀਆਂ ਵਿੱਚ ਸਟੂਡੈਂਟ ਅਤੇ ਵਰਕ ਪਰਮਿਟਾਂ ਨੂੰ ਰੱਦ ਕਰਨਾ ਵੀ ਇਸ ਵਿੱਚ ਸ਼ਾਮਿਲ ਹੈ।

ਇਮੀਗ੍ਰੇਸ਼ਨ ਨਿਯਮਾਂ ਵਿੱਚ ਸੋਧਾਂ ਵਿੱਚ ਅੱਪਡੇਟ ਕੀਤਾ ਗਿਆ ਢਾਂਚਾ ਪਿਛਲੀਆਂ ਨੀਤੀਆਂ ਤੋਂ ਇੱਕ ਮਿਸਾਲੀ ਤਬਦੀਲੀ ਦੀ ਨਿਸ਼ਾਨਦੇਹੀ ਕਰਦਾ ਹੈ, ਜਿਸ ਨਾਲ ਉਸ ਦਾਇਰੇ ਨੂੰ ਮਹੱਤਵਪੂਰਨ ਰੂਪ ਵਿੱਚ ਵਧਾਇਆ ਗਿਆ ਹੈ ਜਿਸਦੇ ਤਹਿਤ ਅਧਿਕਾਰੀ ਕਿਸੇ ਵੀ ਕੈਨੇਡਾ ਦਾਖਿਲ ਹੋਣ ਜਾਂ ਕੈਨੇਡਾ ਅੰਦਰ ਰਹਿ ਰਹੇ ਅਸਥਾਈ ਨਿਵਾਸੀਆਂ ਦੇ ਦਸਤਾਵੇਜ਼ਾਂ ਨੂੰ ਰੱਦ ਕਰ ਸਕਦੇ ਹਨ।

### 26 ਹਜ਼ਾਰ ਪ੍ਰਵਾਸੀ...

ਅਦਾਲਤ ਵਿਚ ਕਾਨੂੰਨੀ ਨੁਮਾਇੰਦਗੀ ਲਈ ਕੋਈ ਸਹਾਇਤਾ ਨਹੀਂ ਮਿਲੇਗੀ। ਗ੍ਰਹਿ ਮੰਤਰਾਲੇ ਨੇ "ਸਟਾਪ ਵਰਕ ਆਰਡਰ" ਲਈ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਅਤੇ ਸਮੂਹ ਨੂੰ ਸਿਰਫ ਇਹ ਦੱਸਿਆ ਕਿ ਇਹ ਕਦਮ "ਤੁਹਾਡੇ ਨਿਯੰਤਰਣ ਤੋਂ ਬਾਹਰ ਦੇ ਕਾਰਨਾਂ" ਕਰਕੇ ਲਿਆ ਗਿਆ ਸੀ ਅਤੇ ਇਸ ਨੂੰ ਮਾੜੀ ਕਾਰਗੁਜ਼ਾਰੀ ਦੇ ਅਧਾਰ 'ਤੇ ਕੀਤੇ ਗਏ ਫ਼ੈਸਲੇ ਵਜੋਂ ਨਹੀਂ ਸਮਝਿਆ ਜਾਣਾ ਚਾਹੀਦਾ। ਇਹ ਹੁਕਮ ਅਗਲੇ ਨੋਟਿਸ ਤੱਕ ਲਾਗੂ ਰਹੇਗਾ। ਗ੍ਰਹਿ ਮੰਤਰਾਲੇ ਅਤੇ ਸਿਹਤ ਅਤੇ ਮਨੁੱਖੀ ਸੇਵਾਵਾਂ ਮੰਤਰਾਲੇ ਨੇ ਇਸ ਮਾਮਲੇ ਨਾਲ ਸਬੰਧਤ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦਿੱਤਾ ਹੈ।

ਅਕਾਸੀਆ ਨੇ ਕਿਹਾ ਕਿ ਇਹ ਦੇਸ਼ ਭਰ ਵਿਚ 85 ਸੰਗਠਨਾਂ ਦੇ ਨੈੱਟਵਰਕ ਰਾਹੀਂ ਇਕ ਕਾਨੂੰਨੀ ਸਹਾਇਤਾ ਪ੍ਰੋਗਰਾਮ ਚਲਾਉਂਦਾ ਹੈ, ਜੋ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਨੁਮਾਇੰਦਗੀ ਕਰਦੇ ਹਨ। ਦੇਸ਼ ਨਿਕਾਲੇ ਨੂੰ ਚੁਣੌਤੀ ਦੇਣ ਵਾਲੇ ਲੋਕ ਆਪਣੇ ਖਰਚੇ 'ਤੇ ਵਕੀਲ ਰੱਖ ਸਕਦੇ ਹਨ, ਪਰ ਸਰਕਾਰ ਉਨ੍ਹਾਂ ਨੂੰ ਇਹ ਸਹੂਲਤ ਪ੍ਰਦਾਨ ਨਹੀਂ ਕਰਦੀ। ਸੈਂਟਰ ਫਾਰ ਜੈਂਡਰ ਐਂਡ ਰਿਫਿਊਜੀ ਸਟੱਡੀਜ਼ ਵਿਖੇ ਸਿਖਲਾਈ ਅਤੇ ਤਕਨੀਕੀ ਸਹਾਇਤਾ ਦੀ ਡਾਇਰੈਕਟਰ ਕ੍ਰਿਸਟੀਨ ਲਿਨ ਨੇ ਕਿਹਾ, "ਇਹ ਬੇਤੁਕਾ ਅਤੇ ਬਹੁਤ ਹੀ ਬੇਇਨਸਾਫ਼ੀ ਹੈ ਕਿ ਇਕ ਬੱਚੇ ਤੋਂ ਇਹ ਉਮੀਦ ਕੀਤੀ ਜਾਵੇ ਕਿ ਉਹ ਇਮੀਗ੍ਰੇਸ਼ਨ ਅਦਾਲਤ ਵਿਚ ਆਪਣੀ ਪ੍ਰਤੀਨਿਧਤਾ ਖ਼ੁਦ ਕਰੇ।"

### ਅਮਰੀਕਾ ਦਾ ਸੁਪਨਾ...

ਡਿਪੋਰਟ ਕਰ ਦਿਤਾ ਅਤੇ 5, 15 ਅਤੇ 16 ਫ਼ਰਵਰੀ ਨੂੰ ਤਿੰਨ ਬੈਚਾਂ 'ਚ ਭਾਰਤ ਵਾਪਸ ਆ ਗਏ। ਇਕ ਅੰਗਰੇਜ਼ੀ ਅਖ਼ਬਾਰ 'ਚ ਛਪੀ ਖ਼ਬਰ ਅਨੁਸਾਰ 332 ਭਾਰਤੀਆਂ ਦੇ ਵੱਡੇ ਸਮੂਹ ਦਾ ਹਿੱਸਾ ਰਹੇ ਇਨ੍ਹਾਂ ਲੋਕਾਂ ਨੇ ਪਾਕਿਸਤਾਨ, ਦੁਬਈ ਅਤੇ ਅਮਰੀਕਾ ਸਮੇਤ ਵੱਖ-ਵੱਖ ਦੇਸ਼ਾਂ ਦੇ ਏਜੰਟਾਂ ਨੂੰ 40-45 ਲੱਖ ਰੁਪਏ ਦਾ ਭੁਗਤਾਨ ਕੀਤਾ ਸੀ।

ਇਸ ਤੋਂ ਵੀ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਡਿਪੋਰਟ ਕੀਤੇ ਗਏ ਜ਼ਿਆਦਾਤਰ ਲੋਕਾਂ ਨੇ ਬਿਨਾਂ ਕਿਸੇ ਰਸੀਦ ਦੇ ਏਜੰਟਾਂ ਨੂੰ ਨਕਦ ਭੁਗਤਾਨ ਕੀਤਾ ਅਤੇ ਕੁੱਝ ਨੇ ਇੰਸਟਾਗ੍ਰਾਮ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਏਜੰਟਾਂ ਨਾਲ ਸੰਪਰਕ ਵੀ ਕੀਤਾ। ਅਖ਼ਬਾਰ ਅਨੁਸਾਰ ਪੰਜਾਬ ਦੇ ਅਧਿਕਾਰੀਆਂ ਵਲੋਂ ਇਕੱਤਰ ਕੀਤੇ ਅੰਕੜਿਆਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਕੁੱਝ ਡਿਪੋਰਟ ਕੀਤੇ ਗਏ ਲੋਕਾਂ ਨੂੰ ਅਪਣੇ ਏਜੰਟਾਂ ਦੇ ਨਾਮ ਜਾਂ ਉਨ੍ਹਾਂ ਦੇ ਪਤੇ ਨਹੀਂ ਪਤਾ ਸਨ। ਤੀਜੇ ਬੈਚ ਦੇ 31 ਡਿਪੋਰਟ ਕੀਤੇ ਗਏ ਲੋਕਾਂ ਵਿਚੋਂ 18 ਨੇ ਅਪਣੇ ਏਜੰਟਾਂ ਵਿਰੁਧ ਕੇਸ ਦਰਜ ਕਰਨ ਦੀ ਇੱਛਾ ਜ਼ਾਹਰ ਕੀਤੀ। ਇਨ੍ਹਾਂ 'ਚੋਂ ਬਹੁਤ ਸਾਰੇ ਡਿਪੋਰਟ ਕੀਤੇ ਗਏ ਲੋਕਾਂ ਨੂੰ ਝੂਠੇ ਵਾਅਦਿਆਂ ਵਲੋਂ ਲਾਲਚ ਦਿਤਾ ਗਿਆ ਸੀ ਅਤੇ ਮਹੱਤਵਪੂਰਣ ਰਕਮ ਗੁਆ ਦਿਤੀ ਗਈ ਸੀ। ਭਾਰਤ ਸਰਕਾਰ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਮਨੁੱਖੀ ਤਸਕਰੀ 'ਤੇ ਨਕੇਲ ਕੱਸਣ ਲਈ ਕੰਮ ਕਰ ਰਹੀ ਹੈ, ਪਰ ਕਮਜ਼ੋਰ ਵਿਅਕਤੀਆਂ ਨੂੰ ਸੋਸ਼ਣ ਤੋਂ ਬਚਾਉਣ ਲਈ ਹੋਰ ਕੰਮ ਕਰਨ ਦੀ ਜ਼ਰੂਰਤ ਹੈ।






# ਬਲੂ ਵਾਟਰ ਬ੍ਰਿਜ 'ਤੇ 11 ਮਿਲੀਅਨ ਡਾਲਰ ਦੀ ਕੋਕੀਨ ਦੀ ਤਸਕਰੀ ਨਾਲ ਸਬੰਧਤ ਮਾਮਲੇ 'ਚ ਭਾਰਤੀ ਮੂਲ ਦੇ ਦੋ ਟਰੱਕ ਡਰਾਈਵਰ ਦੋਸ਼ੀ ਕਰਾਰ




ਬਰੈਂਪਟਨ ਦੇ ਦੋ ਟਰੱਕਰਾਂ ਨੂੰ ਬਲੂ ਵਾਟਰ ਬ੍ਰਿਜ ਰਾਹੀਂ ਕੈਨੇਡਾ ਵਿੱਚ $11 ਮਿਲੀਅਨ ਡਾਲਰ ਦੀ ਕੋਕੀਨ ਦੀ ਸਮੱਗਲਿੰਗ ਕਰਨ ਦੇ ਦੋਸ਼ਾਂ ਹੇਠ ਸਰਨੀਆ ਦੀ ਜਿਊਰੀ ਦੁਆਰਾ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਅੱਗੇ ਜਾਕੇ ਇੰਨਾ ਦੋਵਾਂ ਨੂੰ ਸਜ਼ਾ ਸੁਣਾਈ ਜਾਵੇਗੀ। ਵਿਕਰਮ ਦੱਤਾ (44) ਅਤੇ ਗੁਰਿੰਦਰ ਸਿੰਘ (61) ਦੋਵੇਂ ਬਰੈਂਪਟਨ ਵਾਸੀਆਂ ਤੇ ਕੋਕੀਨ ਆਯਾਤ ਕਰਨ ਅਤੇ ਤਸਕਰੀ ਲਈ ਕੋਕੀਨ ਰੱਖਣ ਦੇ ਦੋਸ਼ ਲਗਾਏ ਗਏ ਸਨ ਜਦੋਂ ਬਾਰਡਰ ਅਧਿਕਾਰੀਆਂ ਵੱਲੋਂ 11 ਦਸੰਬਰ, 2022 ਨੂੰ ਮਿਸ਼ੀਗਨ ਅਤੇ ਓਨਟਾਰੀਓ ਨੂੰ ਜੋੜਦੇ ਬਲੂ ਵਾਟਰ ਬ੍ਰਿਜ 'ਤੇ ਇੱਕ ਕਮਰਸ਼ੀਅਲ ਟਰੱਕ ਟਰੇਲਰ ਵਿੱਚੋਂ ਨਸ਼ੀਲੇ ਪਦਾਰਥ ਫੜੇ ਗਏ ਸਨ।

# ਰੇਖਾ ਗੁਪਤਾ ਨੇ ਦਿੱਲੀ ਦੀ ਮੁੱਖ ਮੰਤਰੀ ਵਜੋਂ ਹਲਫ਼ ਲਿਆ, ਛੇ ਹੋਰ ਮੰਤਰੀਆਂ ਨੇ ਵੀ ਚੁੱਕੀ ਸਹੁੰ





ਨਵੀਂ ਦਿੱਲੀ : ਭਾਜਪਾ ਦੀ ਪਹਿਲੀ ਵਾਰ ਵਿਧਾਇਕ ਬਣੀ ਬੀਬੀ ਰੇਖਾ ਗੁਪਤਾ ਨੇ ਵੀਰਵਾਰ ਨੂੰ ਦਿੱਲੀ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਇਸ ਦੇ ਨਾਲ ਹੀ ਭਾਜਪਾ ਦੀ 26 ਸਾਲਾਂ ਤੋਂ ਵੱਧ ਸਮੇਂ ਬਾਅਦ ਕੌਮੀ ਰਾਜਧਾਨੀ ਵਿੱਚ ਸੱਤਾ 'ਚ ਵਾਪਸੀ ਹੋਈ ਹੈ। ਰੇਖਾ ਗੁਪਤਾ ਦੇ ਨਾਲ ਪਰਵੇਸ਼ ਵਰਮਾ, ਆਸ਼ੀਸ਼ ਸੂਦ, ਮਨਜਿੰਦਰ ਸਿੰਘ ਸਿਰਸਾ, ਕਪਿਲ ਮਿਸ਼ਰਾ, ਰਵਿੰਦਰ ਇੰਦਰਰਾਜ ਸਿੰਘ ਅਤੇ ਪੰਕਜ ਸਿੰਘ ਨੂੰ ਵੀ ਉਪ ਰਾਜਪਾਲ ਵੀਕੇ ਸਕਸੈਨਾ ਨੇ ਅਹੁਦੇ ਦੀ ਸਹੁੰ ਚੁਕਾਈ। ਇਤਿਹਾਸਕ ਰਾਮਲੀਲਾ ਮੈਦਾਨ ਵਿੱਚ ਹੋਏ ਹਲਫ਼ਦਾਰੀ ਸਮਾਗਮ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਭਾਜਪਾ ਦੇ ਵੱਡੇ ਆਗੂਆਂ ਅਤੇ ਐਨਡੀਏ ਦੇ ਮੁੱਖ ਮੰਤਰੀਆਂ ਨੇ ਸ਼ਿਰਕਤ ਕੀਤੀ। ਗੁਪਤਾ ਦਿੱਲੀ ਦੀ ਚੌਥੀ ਮਹਿਲਾ ਮੁੱਖ ਮੰਤਰੀ ਹੈ। ਸ਼ਾਲੀਮਾਰ ਬਾਗ ਤੋਂ 50 ਸਾਲਾ ਵਿਧਾਇਕ ਮੁੱਖ ਮੰਤਰੀਆਂ ਦੀ ਐਨਡੀਏ ਟੀਮ ਵਿੱਚ ਇਕਲੌਤੀ ਮਹਿਲਾ ਵੀ ਹੈ। ਉਂਝ ਉਹ ਦਿੱਲੀ ਦੀ ਨੌਵੀਂ ਮੁੱਖ ਮੰਤਰੀ ਹੈ ਅਤੇ ਭਾਜਪਾ ਵੱਲੋਂ ਵੀ ਦਿੱਲੀ ਦੀ ਚੌਥੀ ਮੁੱਖ ਮੰਤਰੀ ਬਣੀ ਹੈ। ਸਮਾਗਮ ਵਿੱਚ ਪੁੱਜੀਆਂ ਹੋਰ ਅਹਿਮ ਹਸਤੀਆਂ ਵਿਚ ਭਾਜਪਾ ਅਤੇ ਇਸ ਦੇ ਐਨਡੀਏ ਸਹਿਯੋਗੀਆਂ ਦੀ ਹਕੂਮਤ ਵਾਲੇ ਸੂਬਿਆਂ ਦੇ ਮੁੱਖ ਮੰਤਰੀ ਸ਼ਾਮਲ ਹਨ, ਜਿਵੇਂ ਮਹਾਰਾਸ਼ਟਰ ਦੇ ਦੇਵੇਂਦਰ ਫੜਨਵੀਸ, ਆਂਧਰਾ ਪ੍ਰਦੇਸ਼ ਦੇ ਚੰਦਰਬਾਬੂ ਨਾਇਡੂ, ਗੋਆ ਦੇ ਪ੍ਰਮੋਦ ਸਾਵੰਤ, ਹਰਿਆਣਾ ਦੇ ਨਾਇਬ ਸਿੰਘ ਸੈਣੀ ਅਤੇ ਮੇਘਾਲਿਆ ਦੇ ਕੋਨਰਾਡ ਸੰਗਮਾ। ਉੱਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਤੇ ਬ੍ਰਜੇਸ਼ ਪਾਠਕ ਅਤੇ ਆਂਧਰਾ ਪ੍ਰਦੇਸ਼ ਦੇ ਪਵਨ ਕਲਿਆਣ ਵੀ ਮੌਜੂਦ ਸਨ। ਰੇਖਾ ਗੁਪਤਾ ਨੇ ਹਿੰਦੀ ਵਿਚ ਅਹੁਦੇ ਦੀ ਸਹੁੰ ਚੁੱਕੀ। ਮਨਜਿੰਦਰ ਸਿਰਸਾ ਤੋਂ ਬਿਨਾਂ ਬਾਕੀ ਮੰਤਰੀਆਂ ਨੇ ਵੀ ਹਿੰਦੀ ਵਿਚ ਹਲਫ਼ ਲਿਆ, ਜਦੋਂਕਿ ਸਿਰਸਾ ਨੇ ਪੰਜਾਬੀ ਵਿਚ ਸਹੁੰ ਚੁੱਕੀ। ਇਸ ਦੌਰਾਨ

## ਬਲੋਚਿਸਤਾਨ 'ਚ ਅੱਤਵਾਦੀਆਂ ਨੇ ਬੱਸ 'ਤੇ ਕੀਤਾ ਹਮਲਾ, 7 ਪੰਜਾਬੀਆਂ ਨੂੰ ਉਤਾਰਿਆ ਮੌਤ ਦੇ ਘਾਟ

ਪਾਕਿਸਤਾਨ ਤੋਂ ਬਹੁਤ ਹੀ ਮੰਦਭਾਗੀ ਖਬਰ ਸਾਹਮਣੇ ਆਈ ਹੈ ਜਿਥੇ ਦਹਿਸ਼ਤਗਰਦਾਂ ਵੱਲੋਂ 7 ਪੰਜਾਬੀਆਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਹੈ। ਬੱਸ ਵਿਚ ਸਵਾਰ ਹੋ ਕੇ ਪੰਜਾਬੀ ਲਾਹੌਰ ਜਾ ਰਹੇ ਸਨ। ਇਸ ਵਿਚ ਕਈਹੋਰ ਲੋਕ ਜਾ ਵੀ ਸਨ। ਦਹਿਸ਼ਤਗਰਦਾਂ ਵੱਲੋਂ ਪਹਿਲਾਂ ਬੱਸ ਨੂੰ ਰੋਕਿਆ ਜਾਂਦਾ ਹੈ ਤੇ ਫਿਰ ਉਨ੍ਹਾਂ ਦੇ ਪਛਾਣ ਪੱਤਰ ਦੇਖੇ ਜਾਂਦੇ ਹਨ ਤੇ ਉਸ ਤੋਂ ਬਾਅਦ 7 ਪੰਜਾਬੀਆਂ ਨੂੰ ਗੋਲੀ ਮਾਰੀ ਜਾਂਦੀ ਹੈ। ਦੱਸ ਦੇਈਏ ਕਿ ਬੱਸ ਬਲੋਚਿਚਸਤਾਨ ਤੋਂ ਲਾਹੌਰ ਜਾ ਰਹੀ ਸੀ। ਘਟਨਾ ਤੋਂ ਬਾਅਦ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ ਸ਼ਰੀਫ ਵੱਲੋਂ ਵੀ ਬਿਆਨ ਦਿੱਤਾ ਗਿਆ ਕਿ ਜੋ ਦਹਿਸ਼ਤਗਰਦਾਂ ਨੂੰ ਛੱਡਿਆ ਨਹੀਂ ਜਾਵੇਗਾ ਤੇ ਉਨ੍ਹਾਂ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਹੋਵੇਗੀ। ਅਜੇ ਤੱਕ ਕਿਸੇ ਸਮੂਹ ਨੇ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ ਤੇ ਹੱਤਿਆਵਾਂ ਦੇ ਪਿੱਛੇ ਦਾ ਮਕਸਦ ਸਪੱਸ਼ਟ ਨਹੀਂ ਹੈ। ਅਧਿਕਾਰੀਆਂ ਵੱਲੋਂ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਗਈ ਹੈ ਪਰ ਹਮਲਾਵਰ ਫਰਾਰ ਹਨ।

# ਵਿੱਕੀ ਢਿੱਲੋਂ ਦੀ ਚੋਣ ਮੁਹਿੰਮ ਨੂੰ ਮਿਲਿਆ ਵੱਡਾ ਹੁਲਾਰਾ



ਬਰੈਂਪਟਨ (ਬਿਊਰੋ ਰਿਪੋਰਟ)ਪ੍ਰਸਿੱਧ ਕਬੱਡੀ ਖਿਡਾਰੀ ਗੁਰਚਰਨ ਸਿੰਘ ਬਰਾੜ ਅਤੇ ਉਨ੍ਹਾਂ ਦੀ ਵੱਡੀ ਸਾਥੀਆਂ ਦੀ ਟੀਮ (Balwant Brar, Balwant Romana , Raja Gill, Nirmal Brar) ਨੇ ਓਨਟਾਰੀਓ ਦੇ ਸੂਬਾਈ ਚੋਣਾਂ ਵਿੱਚ ਬਰੈਂਪਟਨ ਕਮਿਊਨਿਟੀ ਦੇ ਸਾਬਕਾ ਸਿਟੀ ਕੌਂਸਲਰ ਅਤੇ ਵਿਧਾਨ ਸਭਾ ਲਈ ਲਿਬਰਲ ਪਾਰਟੀ ਦੇ ਬਰੈਂਪਟਨ ਈਸਟ ਤੋਂ ਉਮੀਦਵਾਰ ਵਿੱਕੀ ਢਿੱਲੋਂ ਦੀ ਸਮਰਥਨ ਦਾ ਐਲਾਨ ਕੀਤਾ ਹੈ। ਇਸ ਸਮਰਥਨ ਨਾਲ, ਵਿਕੀ ਢਿੱਲੋਂ ਦੀ ਚੋਣ ਮੁਹਿੰਮ ਨੂੰ ਹੋਰ ਮਜ਼ਬੂਤੀ ਮਿਲੇਗੀ, ਕਿਉਂਕਿ ਗੁਰਚਰਨ ਸਿੰਘ ਬਰਾੜ ਅਤੇ ਉਨ੍ਹਾਂ ਦੇ ਸਾਥੀਆਂ ਦਾ ਕਬੱਡੀ ਅਤੇ ਸਪੋਰਟਸ ਕਮਿਊਨਿਟੀ ਵਿੱਚ ਵੱਡਾ ਪ੍ਰਭਾਵ ਹੈ। ਯਾਦ ਰਹੇ ਵੋਟਾਂ ਦੀ ਤਰੀਕ 27 ਫਰਵਰੀ ਹੈ।

# ਅਮਰੀਕਾ ਤੋਂ ਆਉਣ ਵਾਲੀ ਫ਼ਲਾਈਟ ਨੂੰ ਅੰਮ੍ਰਿਤਸਰ 'ਚ ਲੈਂਡ ਕਰਨ ਦਾ ਕਾਰਨ ਸਪੱਸ਼ਟ




ਨਵੀਂ ਦਿੱਲੀ: ਅਮਰੀਕਾ ਵੱਲੋਂ ਕੱਢੇ ਗ਼ੈਰ ਕਾਨੂੰਨੀ ਭਾਰਤੀ ਪ੍ਰਵਾਸੀਆਂ ਵਾਲੇ (ਅਮਰੀਕੀ ਫ਼ੌਜੀ) ਜਹਾਜ਼ਾਂ ਨੂੰ ਪੰਜਾਬ (ਅੰਮ੍ਰਿਤਸਰ) ਵਿਚ ਹੀ ਉਤਾਰੇ ਜਾਣ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਕੀਤੇ ਇਤਰਾਜ਼ ਦਰਮਿਆਨ ਕੇਂਦਰ ਸਰਕਾਰ ਵਿਚਲੇ ਸੂਤਰਾਂ ਨੇ ਅੱਜ ਇਸ ਪੇਸ਼ਕਦਮੀ ਦਾ ਇਹ ਕਹਿੰਦਿਆਂ ਬਚਾਅ ਕੀਤਾ ਕਿ ਕੱਢੇ ਗ਼ੈਰ ਕਾਨੂੰਨੀ ਪ੍ਰਵਾਸੀਆਂ ਵਿਚੋਂ ਬਹੁਗਿਣਤੀ ਪੰਜਾਬ ਨਾਲ ਸਬੰਧਤ ਹਨ।

ਅਮਰੀਕਾ ਤੋਂ ਆਉਣ ਵਾਲੀ ਫ਼ਲਾਈਟ ਨੂੰ ਅੰਮ੍ਰਿਤਸਰ 'ਚ ਲੈਂਡ ਕਰਨ ਦਾ ਕਾਰਨ ਸਪੱਸ਼ਟ ਹੋ ਗਿਆ ਹੈ। ਅਮਰੀਕਾ ਤੋਂ ਹੁਣ ਤਕ ਤਿੰਨ ਉਡਾਣਾਂ ਰਾਹੀਂ ਭੇਜੇ ਗਏ ਜ਼ਿਆਦਾਤਰ ਭਾਰਤੀ ਪੰਜਾਬ ਦੇ ਵਸਨੀਕ ਹਨ, ਇਸ ਲਈ ਇਹ ਉਡਾਣਾਂ ਅੰਮ੍ਰਿਤਸਰ ਵਿਚ ਉਤਰੀਆਂ ਹਨ।

ਮਈ 2020 ਤੋਂ ਹੁਣ ਤਕ ਅੰਮ੍ਰਿਤਸਰ ਵਿਚ 21 ਫ਼ਲਾਈਟਾਂ ਉਤਰੀਆਂ ਹਨ, ਜਿਨ੍ਹਾਂ ਵਿਚ ਕੱਢੇ ਹੋਏ ਭਾਰਤੀਆਂ ਨੂੰ ਲਿਆਂਦਾ ਗਿਆ ਹੈ। ਹਰੇਕ ਫ਼ਲਾਈਟ ਦਾ ਵਿਸਤ੍ਰਿਤ ਡੇਟਾ ਜਾਰੀ ਕੀਤਾ ਗਿਆ ਹੈ, ਜਿਸ ਵਿਚ ਯਾਤਰੀਆਂ ਦੀ ਗਿਣਤੀ ਅਤੇ ਹੋਰ ਜਾਣਕਾਰੀ ਸ਼ਾਮਲ ਹੈ। ਸੂਤਰਾਂ ਮੁਤਾਬਕ ਅਮਰੀਕਾ ਦੇ ਨਿਯਮਾਂ ਮੁਤਾਬਕ ਕੱਢੇ ਗਏ ਵਿਅਕਤੀਆਂ ਨੂੰ ਉਡਾਣਾਂ ਦੌਰਾਨ ਹੱਥਕੜੀ 'ਚ ਰੱਖਣਾ ਲਾਜ਼ਮੀ ਹੈ, ਜੋ ਸੁਰੱਖਿਆ ਅਤੇ ਅਨੁਸ਼ਾਸਨ ਬਣਾਈ ਰੱਖਣ ਲਈ ਕੀਤਾ ਜਾਂਦਾ ਹੈ।

ਹਾਲ ਹੀ ਵਿਚ ਡੋਨਲਡ ਟਰੰਪ ਦੇ ਅਮਰੀਕੀ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਬਾਅਦ, 5 ਫ਼ਰਵਰੀ, 15 ਫ਼ਰਵਰੀ ਅਤੇ 16 ਫ਼ਰਵਰੀ ਨੂੰ ਤਿੰਨ ਉਡਾਣਾਂ ਆਈਆਂ, ਜਿਸ ਵਿਚ ਕੁੱਲ 333 ਭਾਰਤੀਆਂ ਨੂੰ ਵਾਪਸ ਲਿਆਂਦਾ ਗਿਆ। ਇਨ੍ਹਾਂ ਵਿਚ 262 ਪੁਰਸ਼, 42 ਔਰਤਾਂ, 18 ਲੜਕੇ ਅਤੇ 11 ਲੜਕੀਆਂ ਸ਼ਾਮਲ ਹਨ। ਸੂਤਰਾਂ ਨੇ ਦਸਿਆ ਕਿ ਅਮਰੀਕੀ ਫ਼ੌਜੀ ਜਹਾਜ਼ ਰਾਹੀਂ ਲਿਆਂਦੇ ਗਏ 333 ਵਿਅਕਤੀਆਂ ਵਿਚੋਂ ਕੁੱਲ 126 ਪੰਜਾਬ ਦੇ, 110 ਗੁਆਂਢੀ ਹਰਿਆਣਾ ਅਤੇ 74 ਗੁਜਰਾਤ ਦੇ ਵਸਨੀਕ ਹਨ। ਵਿਰੋਧੀ ਪਾਰਟੀਆਂ ਨੇ ਕੱਢੇ ਕੀਤੇ ਗਏ ਲੋਕਾਂ ਨਾਲ ਕੀਤੇ ਗਏ ਵਿਵਹਾਰ, ਜਿਸ ਵਿੱਚ ਉਨ੍ਹਾਂ ਨੂੰ ਹੱਥਕੜੀਆਂ ਤੇ ਬੇੜੀਆਂ ਨਾਲ ਬੰਨ੍ਹਣਾ ਵੀ ਸ਼ਾਮਲ ਹੈ, ਦਾ ਵਿਰੋਧ ਕੀਤਾ ਅਤੇ ਭਾਰਤ ਸਰਕਾਰ ਨੂੰ ਇਹ ਮੁੱਦਾ ਅਮਰੀਕਾ ਕੋਲ ਉਠਾਉਣ ਲਈ ਕਿਹਾ।

ਜਦੋਂ ਤੋਂ ਡੋਨਾਲਡ ਟਰੰਪ ਨੇ ਅਮਰੀਕੀ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ ਹੈ, ਤਿੰਨ ਫ਼ੌਜੀ ਜਹਾਜ਼ ਗ਼ੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਨੂੰ ਲੈ ਕੇ ਭਾਰਤ ਪਹੁੰਚੇ ਹਨ। ਚੋਣ ਪ੍ਰਚਾਰ ਦੌਰਾਨ ਟਰੰਪ ਨੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜਣ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਇਆ ਸੀ।

ਵਿਰੋਧੀ ਪਾਰਟੀਆਂ ਨੇ ਅਮਰੀਕੀ ਹਵਾਈ ਜਹਾਜ਼ਾਂ ਦੁਆਰਾ ਕੱਢੇ ਕੀਤੇ ਗਏ ਗ਼ੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਨਾਲ ਸਲੂਕ ਕੀਤੇ ਜਾਣ ਦਾ ਵਿਰੋਧ ਕੀਤਾ ਕਿਉਂਕਿ ਉਨ੍ਹਾਂ ਨੂੰ ਹੱਥਕੜੀਆਂ ਅਤੇ ਬੇੜੀਆਂ ਨਾਲ ਬੰਨ੍ਹਿਆ ਗਿਆ ਸੀ। ਵਿਰੋਧੀ ਧਿਰ ਨੇ ਭਾਰਤ ਸਰਕਾਰ ਤੋਂ ਇਹ ਮੁੱਦਾ ਅਮਰੀਕਾ ਕੋਲ ਉਠਾਉਣ ਦੀ ਮੰਗ ਕੀਤੀ ਸੀ।

# ਨਹਿਲੇ 'ਤੇ ਦਹਿਲਾ...
# ਹੁਣ ਵਿਆਹ ਵੀ ਸਿਆਸਤ 'ਚ ਉਲਝਣ ਲੱਗੇ !

ਬਲਬੀਰ ਸਿੰਘ ਬੱਬੀ







ਅਨੇਕਾਂ ਵਿਆਹ ਦੁਨੀਆਂ ਉੱਤੇ ਰੋਜ਼ਾਨਾ ਹੀ ਹੋ ਰਹੇ ਹਨ ਕਈ ਵਿਆਹ ਖਾਸ਼ ਯਾਦਗਾਰੀ ਬਣ ਜਾਂਦੇ ਹਨ ਕਿਉਂਕਿ ਅਜਿਹੇ ਵਿਆਹ ਵੱਡੇ ਲੋਕਾਂ ਦੇ ਹੁੰਦੇ ਹਨ ਤੇ ਅਨੇਕਾਂ ਨਵੀਆਂ ਚੀਜ਼ਾਂ ਪੈਸੇ ਦੇ ਜ਼ੋਰ ਉੱਤੇ ਸਾਹਮਣੇ ਆਉਂਦੀਆਂ ਹਨ ਪਿਛਲੇ ਦਿਨੀ ਅੰਬਾਨੀ ਦੇ ਲੜਕੇ ਦਾ ਵਿਆਹ ਲੰਮਾ ਸਮਾਂ ਚਰਚਾ ਵਿੱਚ ਰਿਹਾ ਹੋਰ ਵੀ ਕਈ ਵਿਆਹਾਂ ਦੇ ਚਰਚੇ ਹੁੰਦੇ ਰਹਿੰਦੇ ਹਨ ਪਰ ਮੌਜੂਦਾ ਸਮੇਂ ਚਰਚਾ ਵਿੱਚ ਹੈ ਪੰਜਾਬ ਦੇ ਪ੍ਰਮੁੱਖ ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਦੀ ਲੜਕੀ ਦਾ ਵਿਆਹ, ਇਸ ਵਿਆਹ ਕਈ ਪਾਸਿਓਂ ਚਰਚਾ ਵਿੱਚ ਰਿਹਾ ਪਹਿਲਾਂ ਇਹ ਚਰਚਾ ਚੱਲੀ ਕਿ ਇਸ ਵਿਆਹ ਦੇ ਵਿੱਚ ਬਿਆਸ ਵਾਲਾ ਬਾਬਾ ਪੁੱਜਾ ਫਿਰ ਭਾਜਪਾ ਨਾਲ ਸੰਬੰਧਿਤ ਕੇਂਦਰ ਵਿਚਲੇ ਵੱਡੇ ਛੋਟੇ ਆਗੂ ਤੇ ਇਸੇ ਵਿਆਹ ਵਿੱਚ ਪੁੱਜੇ ਕਾਂਗਰਸ ਦੇ ਪ੍ਰਮੁੱਖ ਆਗੂਆਂ ਦੀਆਂ ਵੀ ਰੌਣਕਾਂ ਵੀ ਨਜ਼ਰ ਆਈਆਂ। ਇਸ ਵੇਲੇ ਇਹ ਚਰਚਾ ਹੋਣੀ ਸ਼ੁਰੂ ਹੋਈ ਕਿ ਪੰਜਾਬ ਦੇ ਮੁੱਖ ਮੰਤਰੀ ਜਾਂ ਆਮ ਆਦਮੀ ਪਾਰਟੀ ਨਾਲ ਸੰਬੰਧਿਤ ਕੋਈ ਵੀ ਵੱਡਾ ਛੋਟਾ ਆਗੂ ਇਸ ਵਿਆਹ ਵਿੱਚ ਨਜ਼ਰ ਨਹੀਂ ਆਇਆ ਨਜ਼ਰ ਕਿਉਂ ਆਉਂਦਾ ਜਦੋਂ ਕਿਸੇ ਨੂੰ ਬੁਲਾਇਆ ਹੀ ਨਹੀਂ ਗਿਆ। ਇਹ ਚਰਚਾਵਾਂ ਦਰਮਿਆਨ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਹੋਰਾਂ ਨੇ ਇੱਕ ਪ੍ਰੋਗਰਾਮ ਵਿੱਚ ਖੁਦ ਹੀ ਚਰਚਾ ਛੇੜ ਦਿੱਤੀ ਕਿ ਵੱਡੇ ਲੋਕਾਂ ਦੇ ਵਿਆਹਾਂ ਵਿੱਚ ਕਿਵੇਂ ਵੱਡੀ ਸਿਆਸੀ ਆਗੂ ਆਉਂਦੇ ਹਨ ਸਭ ਇਕ ਹੀ ਹਨ ਉਸ ਤੋਂ ਬਿਨਾਂ ਇਹਨਾਂ ਨੇ ਸਾਨੂੰ ਵਿਆਹ ਉੱਤੇ ਬੁਲਾਇਆ ਵੀ ਨਹੀਂ ਤੇ ਮੈਂ ਅਜਿਹੇ ਵਿਅਕਤੀਆਂ ਦੇ ਘਰ ਜਾਂਦਾ ਵੀ ਨਹੀਂ ਇਹ ਗੱਲਾਂ ਬਾਤਾਂ ਮੁੱਖ ਮੰਤਰੀ ਨੇ ਜਨਤਕ ਤੌਰ ਉੱਤੇ ਸਟੇਜ ਤੋਂ ਕੀਤੀਆਂ ਤੇ ਨਵੀਂ ਚਰਚਾ ਛਿੜੀ ਉਸ ਤੋਂ ਬਾਅਦ ਨਵੀਂ ਚਰਚਾ ਇਹ ਛਿੜ ਗਈ ਕਿ ਮੁੱਖ ਮੰਤਰੀ ਵੱਲੋਂ ਜੋ ਸੁਖਬੀਰ ਬਾਦਲ ਦੀ ਲੜਕੀ ਦੇ ਵਿਆਹ ਉੱਤੇ ਨਾ ਬੁਲਾਉਣ ਦੀ ਗੱਲ ਫੈਲੀ ਤਾਂ ਤੁਰੰਤ ਹੀ ਅਕਾਲੀ ਦਲ ਬਾਦਲ ਨਾਲ ਸੰਬੰਧਿਤ ਬੁਲਾਰੇ ਅਰਸ਼ਦੀਪ ਕਲੇਰ ਨੇ ਨਹਿਲੇ ਤੇ ਦਹਿਲਾ ਮਾਰਦਿਆਂ ਹੋਇਆਂ ਕਿਹਾ ਕਿ ਮੁੱਖ ਮੰਤਰੀ ਸਾਬ ਤੁਹਾਨੂੰ ਇਸ ਲਈ ਨਹੀਂ ਬੁਲਾਇਆ ਕਿਉਂਕਿ ਇਹ ਵਿਆਹ ਬਿਲਕੁਲ ਵੈਸ਼ਨੂੰ ਸੀ ਅਰਸ਼ਦੀਪ ਕਲੇਰ ਦੇ ਇਸ ਟੋਟਕੇ ਨੇ ਅਨੇਕਾਂ ਨਵੀਆਂ ਚਰਚਾਵਾਂ ਛੇੜ ਦਿੱਤੀਆਂ ਇਹਨੂੰ ਕਹਿੰਦੇ ਨੇ ਨਹਿਲੇ ਉੱਤੇ ਦੈਹਲਾ।












## ਦੋ ਦਿਨਾਂ ਦੌਰਾਨ ਪੱਛਮੀ ਏਸ਼ੀਆਈ ਦੇਸ਼ਾਂ 'ਚੋਂ 170 ਪਾਕਿਸਤਾਨੀਆਂ ਨੂੰ ਬਾਹਰ ਕੱਢਿਆ

ਇਸਲਾਮਾਬਾਦ: ਪਿਛਲੇ ਦੋ ਦਿਨਾਂ ਵਿਚ ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ ਅਤੇ ਹੋਰ ਦੇਸ਼ਾਂ ਤੋਂ ਲਗਭਗ 170 ਪਾਕਿਸਤਾਨੀਆਂ ਨੂੰ ਦੇਸ਼ ਨਿਕਾਲਾ ਦਿਤਾ ਗਿਆ ਹੈ। ਜੀਓ ਨਿਊਜ਼ ਨੇ ਇਮੀਗ੍ਰੇਸ਼ਨ ਸੂਤਰਾਂ ਦੇ ਹਵਾਲੇ ਨਾਲ ਦਸਿਆ ਕਿ ਸਾਊਦੀ ਅਧਿਕਾਰੀਆਂ ਨੇ ਭੀਖ ਮੰਗਣ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਗ਼ੈਰ-ਕਾਨੂੰਨੀ ਤੌਰ 'ਤੇ ਰਹਿਣ, ਨੌਕਰੀਆਂ ਤੋਂ ਫ਼ਰਾਰ ਹੋਣ ਅਤੇ ਇਕਰਾਰਨਾਮੇ ਦੇ ਸਮਝੌਤਿਆਂ ਦੀ ਉਲੰਘਣਾ ਕਰਨ ਵਿਚ ਸ਼ਾਮਲ 94 ਪਾਕਿਸਤਾਨੀਆਂ ਨੂੰ ਦੇਸ਼ ਨਿਕਾਲਾ ਦੇ ਦਿਤਾ ਹੈ। ਖ਼ਬਰਾਂ ਅਨੁਸਾਰ ਉਨ੍ਹਾਂ ਵਿਚੋਂ ਕੁੱਝ ਨੂੰ ਬਲੈਕਲਿਸਟ ਵੀ ਕੀਤਾ ਗਿਆ ਹੈ। ਪਿਛਲੇ ਦੋ ਦਿਨਾਂ ਵਿਚ ਗ਼ੈਰ-ਕਾਨੂੰਨੀ ਗਤੀਵਿਧੀਆਂ ਅਤੇ ਹੋਰ ਉਲੰਘਣਾਵਾਂ ਲਈ ਸਜ਼ਾ ਭੁਗਤਣ ਤੋਂ ਬਾਅਦ ਯੂ.ਏ.ਈ. ਤੋਂ 39 ਹੋਰ ਪਾਕਿਸਤਾਨੀਆਂ ਨੂੰ ਦੇਸ਼ ਨਿਕਾਲਾ ਦਿਤਾ ਗਿਆ।

## ਵਿਵਾਦਾਂ 'ਚ ਫਸੀ ਪੰਜਾਬੀ ਗਾਇਕਾ ਜੈਸਮੀਨ ਸੈਂਡਲਾਸ, ਚੰਡੀਗੜ੍ਹ ਦੇ ਵਕੀਲ ਨੇ ਕਿਹਾ- ਗੀਤ 'ਚ ਵਰਤੀ ਗਲਤ ਸ਼ਬਦਾਵਲੀ

ਭਾਰਤੀ ਮੂਲ ਦੀ ਅੰਤਰਰਾਸ਼ਟਰੀ ਪੰਜਾਬੀ ਗਾਇਕਾ ਜੈਸਮੀਨ ਕੌਰ ਉਰਫ ਜੈਸਮੀਨ ਸੈਂਡਲਾਸ ਇੱਕ ਵਾਰ ਫਿਰ ਵਿਵਾਦਾਂ ਵਿੱਚ ਘਿਰ ਗਈ ਹੈ। ਇਸ ਵਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਵਕੀਲ ਨੇ ਗੀਤ ਨੂੰ ਲੈ ਕੇ ਜਲੰਧਰ ਦੀ ਕਮਿਸ਼ਨਰੇਟ ਪੁਲਿਸ ਨੂੰ ਸੈਂਡਲਾਸ ਖਿਲਾਫ ਲਿਖਤੀ ਸ਼ਿਕਾਇਤ ਭੇਜੀ ਹੈ। ਇਹ ਸ਼ਿਕਾਇਤ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਵਕੀਲ ਡਾਕਟਰ ਸੁਨੀਲ ਮਲਹਾਨ ਨੇ ਦਾਇਰ ਕੀਤੀ ਹੈ। ਸੁਨੀਲ ਮਲਹਾਨ ਨੇ ਕਿਹਾ ਕਿ ਜੈਸਮੀਨ ਸੈਂਡਲਾਸ ਦਾ ਇੱਕ ਗੀਤ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਉਹ ਅਸ਼ਲੀਲ ਸ਼ਬਦਾਵਲੀ ਦੀ ਵਰਤੋਂ ਕਰ ਰਹੀ ਹੈ। ਜਿਸ ਤੋਂ ਬਾਅਦ ਉਨ੍ਹਾਂ ਨੇ ਇਸ ਮਾਮਲੇ ਦੀ ਸ਼ਿਕਾਇਤ ਜਲੰਧਰ ਦੇ ਪੁਲਿਸ ਕਮਿਸ਼ਨਰ ਅਤੇ ਪੰਜਾਬ ਪੁਲਿਸ ਦੇ ਡੀਜੀਪੀ ਨੂੰ ਭੇਜੀ ਸੀ। ਦੱਸਿਆ ਗਿਆ ਹੈ ਕਿ ਇਸ ਸਬੰਧੀ 7 ਫਰਵਰੀ ਨੂੰ ਜਲੰਧਰ ਦੇ ਪੁਲਿਸ ਕਮਿਸ਼ਨਰ ਅਤੇ ਪੰਜਾਬ ਪੁਲਿਸ ਦੇ ਡੀ.ਜੀ.ਪੀ ਨੂੰ ਸ਼ਿਕਾਇਤ ਦਿੱਤੀ ਗਈ ਹੈ। ਵਕੀਲ ਨੇ ਕਿਹਾ ਗੀਤ 'ਚ ਵਰਤੇ ਗਏ ਸ਼ਬਦ ਸਮਾਜ ਨੂੰ ਗਲਤ ਰਸਤੇ 'ਤੇ ਲੈ ਜਾਂਦੇ ਹਨ। ਜਿਸ ਕਾਰਨ ਗਾਇਕ ਤੇ ਉਸ ਦੇ ਮੈਨੇਜਰ ਖਿਲਾਫ ਕਾਰਵਾਈ ਕੀਤੀ ਜਾਵੇ। ਫਿਲਹਾਲ ਪੁਲਿਸ ਵੱਲੋਂ ਸ਼ਿਕਾਇਤ 'ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪਰ ਹੁਣ ਤੱਕ ਇਸ ਮਾਮਲੇ ਵਿੱਚ ਜੈਸਮੀਨ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਈ ਹੈ।

# ਕੈਨੇਡਾ 'ਚ ਵੱਡਾ ਹਾਦਸਾ, ਲੈਂਡਿੰਗ ਦੌਰਾਨ ਬਰਫ਼ੀਲੀ ਜ਼ਮੀਨ 'ਤੇ ਪਲਟਿਆ ਜਹਾਜ਼, 18 ਯਾਤਰੀ ਜ਼ਖਮੀ

ਟੋਰਾਂਟੋ: ਕੈਨੇਡਾ ਦੇ ਟੋਰਾਂਟੋ ਏਅਰਪੋਰਟ 'ਤੇ ਵੱਡਾ ਜਹਾਜ਼ ਹਾਦਸਾ ਵਾਪਰਿਆ ਹੈ। ਟੋਰਾਂਟੋ ਦੇ ਪੀਅਰਸਨ ਏਅਰਪੋਰਟ 'ਤੇ ਉਤਰਦੇ ਸਮੇਂ ਡੈਲਟਾ ਏਅਰਲਾਈਨਜ਼ ਦਾ ਜਹਾਜ਼ ਬਰਫੀਲੀ ਜ਼ਮੀਨ 'ਤੇ ਪਲਟ ਗਿਆ। ਇਸ ਹਾਦਸੇ 'ਚ 18 ਲੋਕ ਜ਼ਖਮੀ ਹੋਏ ਹਨ। ਜ਼ਖ਼ਮੀਆਂ ਵਿੱਚੋਂ ਤਿੰਨ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।



ਏਅਰਪੋਰਟ ਅਥਾਰਟੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇਸ ਦੀ ਪੁਸ਼ਟੀ ਕੀਤੀ ਹੈ। ਟੋਰਾਂਟੋ ਦੇ ਪੀਅਰਸਨ ਏਅਰਪੋਰਟ ਨੇ ਦੱਸਿਆ ਕਿ ਹਾਦਸਾ ਮਿਨੀਆਪੋਲਿਸ ਤੋਂ ਡੇਲਟਾ ਦੀ ਉਡਾਣ ਨਾਲ ਹੋਇਆ ਹੈ। ਜਹਾਜ਼ 'ਚ 76 ਯਾਤਰੀ ਅਤੇ ਚਾਲਕ ਦਲ ਦੇ ਚਾਰ ਮੈਂਬਰ ਸਵਾਰ ਸਨ। ਡੈਲਟਾ ਏਅਰਲਾਈਨਜ਼ ਨੇ ਇਕ ਬਿਆਨ 'ਚ ਕਿਹਾ ਕਿ ਹਾਦਸਾ ਸੋਮਵਾਰ ਦੁਪਹਿਰ 3:30 ਵਜੇ ਵਾਪਰਿਆ ਹੈ। ਲੈਂਡਿੰਗ ਦੌਰਾਨ ਜਹਾਜ਼ ਕੰਟਰੋਲ ਗੁਆ ਬੈਠਾ ਅਤੇ ਪਲਟ ਗਿਆ। ਇਸ ਹਾਦਸੇ ਤੋਂ ਬਾਅਦ ਐਮਰਜੈਂਸੀ ਟੀਮਾਂ ਤੁਰੰਤ ਮੌਕੇ 'ਤੇ ਪਹੁੰਚੀਆਂ ਅਤੇ ਸਾਰੇ ਯਾਤਰੀਆਂ ਨੂੰ ਤੁਰੰਤ ਬਾਹਰ ਕੱਢਿਆ ਗਿਆ। ਇਸ ਹਾਦਸੇ 'ਚ 18 ਲੋਕ ਜ਼ਖਮੀ ਹੋਏ ਹਨ।

ਹਾਦਸੇ ਦਾ ਇੱਕ ਵੀਡੀਓ ਸਾਹਮਣੇ ਆਇਆ ਹੈ। ਜਿਸ 'ਚ ਫਲਾਈਟ ਬਰਫੀਲੀ ਜ਼ਮੀਨ 'ਤੇ ਲੈਂਡ ਕਰਦੀ ਨਜ਼ਰ ਆ ਰਹੀ ਹੈ। ਕੁਝ ਹੀ ਦੇਰ ਵਿਚ ਇਸ ਵਿਚੋਂ ਕਾਲਾ ਧੂੰਆਂ ਨਿਕਲਣਾ ਸ਼ੁਰੂ ਹੋ ਗਿਆ ਅਤੇ ਅਚਾਨਕ ਅੱਗ ਲੱਗ ਗਈ। ਇਸ ਦੌਰਾਨ ਚਾਰੇ ਪਾਸੇ ਧੂੰਏਂ ਦੇ ਕਾਲੇ ਬੱਦਲ ਛਾ ਗਏ। ਜਿਸ ਤੋਂ ਬਾਅਦ ਫਾਇਰ ਫਾਈਟਰਜ਼ ਨੇ ਅੱਗ ਅਤੇ ਧੂੰਏਂ 'ਤੇ ਕਾਬੂ ਪਾਉਣ ਲਈ ਜਹਾਜ਼ 'ਤੇ ਪਾਣੀ ਪਾ ਕੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ। ਹਵਾਈ ਅੱਡੇ ਦੇ ਇਕ ਅਧਿਕਾਰੀ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ ਕਿ ਇਸ ਘਟਨਾ ਤੋਂ ਬਾਅਦ ਹਵਾਈ ਅੱਡੇ ਨੇ ਸਾਰੀਆਂ ਉਡਾਣਾਂ ਨੂੰ ਮੁਅੱਤਲ ਕਰ ਦਿੱਤਾ ਹੈ।

ਇਸ ਹਾਦਸੇ ਦੀ ਜਾਣਕਾਰੀ ਡੈਲਟਾ ਏਅਰਲਾਈਨਜ਼ ਵੱਲੋਂ ਐਕਸ 'ਤੇ ਪੋਸਟ ਕਰਕੇ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਡੈਲਟਾ ਏਅਰਲਾਈਨਜ਼ ਦੀ ਫਲਾਈਟ 4819 ਸੋਮਵਾਰ ਨੂੰ ਸਥਾਨਕ ਸਮੇਂ ਅਨੁਸਾਰ ਦੁਪਹਿਰ 2:15 ਵਜੇ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਹਾਦਸੇ ਦਾ ਸ਼ਿਕਾਰ ਹੋ ਗਈ। ਇਹ ਫਲਾਈਟ ਮਿਨੀਆਪੋਲਿਸ-ਸੇਂਟ ਪਾਲ ਇੰਟਰਨੈਸ਼ਨਲ ਏਅਰਪੋਰਟ ਤੋਂ ਟੋਰਾਂਟੋ ਆ ਰਹੀ ਸੀ। ਸ਼ੁਰੂਆਤੀ ਰਿਪੋਰਟਾਂ ਤੋਂ ਪਤਾ ਚੱਲਿਆ ਹੈ ਕਿ ਇਸ ਹਾਦਸੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ। ਹਾਲਾਂਕਿ 18 ਯਾਤਰੀਆਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।

ਕੈਨੇਡਾ ਦੀ ਮੌਸਮ ਸੇਵਾ ਮੁਤਾਬਕ ਹਵਾਈ ਅੱਡੇ 'ਤੇ ਬਰਫਬਾਰੀ ਹੋ ਰਹੀ ਹੈ। ਹਵਾ ਦੀ ਰਫ਼ਤਾਰ 51 ਕਿਲੋਮੀਟਰ ਪ੍ਰਤੀ ਘੰਟਾ ਤੋਂ 65 ਕਿਲੋਮੀਟਰ ਪ੍ਰਤੀ ਘੰਟਾ ਸੀ। ਤਾਪਮਾਨ ਮਨਫ਼ੀ 8.6 ਡਿਗਰੀ ਸੈਲਸੀਅਸ ਦੇ ਆਸ-ਪਾਸ ਸੀ। ਫਲੋਰੀਡਾ ਦੇ ਸੇਂਟ ਪੀਟਰਸਬਰਗ ਵਿੱਚ ਇੱਕ ਹਵਾਬਾਜ਼ੀ ਸੁਰੱਖਿਆ ਸਲਾਹਕਾਰ ਫਰਮ, ਸੇਫਟੀ ਓਪਰੇਟਿੰਗ ਸਿਸਟਮ ਦੇ ਸੀਈਓ, ਜੌਨ ਕੌਕਸ ਨੇ ਕਿਹਾ, "ਇਸ ਤਰ੍ਹਾਂ ਦਾ ਕੁਝ ਦੇਖਣਾ ਬਹੁਤ ਘੱਟ ਹੁੰਦਾ ਹੈ।" ਅਸੀਂ ਟੇਕਆਫ ਦੇ ਕੁਝ ਮਾਮਲੇ ਦੇਖੇ ਹਨ। ਜਿੱਥੇ ਜਹਾਜ਼ ਉਲਟ ਗਿਆ ਹੈ, ਪਰ ਅਜਿਹਾ ਬਹੁਤ ਘੱਟ ਹੁੰਦਾ ਹੈ।

## ਕੇਜਰੀਵਾਲ ਦੇ ਪੰਜਾਬ ਦੇ ਮੁੱਖ ਮੰਤਰੀ ਬਣਨ ਦੀਆਂ ਅਫ਼ਵਾਹਾਂ, CM ਮਾਨ ਨੇ ਕਿਹਾ- ਇਨ੍ਹਾਂ ਗੱਲਾਂ 'ਚ ਕੋਈ ਸੱਚਾਈ ਨਹੀਂ

ਚੰਡੀਗੜ੍ਹ: ਦਿੱਲੀ ਚੋਣਾਂ ਤੋਂ ਬਾਅਦ ਪੰਜਾਬ 'ਚ ਲੀਡਰਸ਼ਿਪ ਤਬਦੀਲੀ ਨੂੰ ਲੈ ਕੇ ਚੱਲ ਰਹੀਆਂ ਅਟਕਲਾਂ ਦਰਮਿਆਨ ਪਹਿਲੀ ਵਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਚੁੱਪੀ ਤੋੜੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਪੰਜਾਬ ਦੇ ਮੁੱਖ ਮੰਤਰੀ ਨਹੀਂ ਬਣਨ ਵਾਲੇ ਹਨ। ਇਹ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ, ਜੋ ਬੇਬੁਨਿਆਦ ਹਨ। ਇਨ੍ਹਾਂ ਵਿੱਚ ਕੋਈ ਸੱਚਾਈ ਨਹੀਂ ਹੈ। ਮੁੱਖ ਮੰਤਰੀ ਨੇ ਇਹ ਗੱਲ ਮੰਗਲਵਾਰ ਨੂੰ ਸਰਦੂਲਗੜ੍ਹ ਵਿਖੇ ਤਹਿਸੀਲ ਦੇ ਕੰਮਕਾਜ ਦਾ ਨਿਰੀਖਣ ਕਰਦਿਆਂ ਕਹੀ।



ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਅਮਰੀਕਾ ਤੋਂ ਡਿਪੋਰਟ ਕੀਤੇ ਗਏ ਪੰਜਾਬੀਆਂ ਨੂੰ ਵਿਦੇਸ਼ਾਂ ਤੋਂ ਆ ਕੇ ਪੰਜਾਬ ਵਿੱਚ ਕੰਮ ਕਰਨ ਵਾਲੇ ਨੌਜਵਾਨਾਂ ਨਾਲ ਮਿਲਵਾਇਆ ਜਾਵੇਗਾ ਤਾਂ ਜੋ ਉਹ ਨਿਰਾਸ਼ ਹੋ ਕੇ ਘਰ ਨਾ ਬੈਠਣ ਅਤੇ ਆਪਣੇ ਆਪ ਨੂੰ ਮਜ਼ਬੂਤ ਬਣਾਉਣ। ਇਸ ਦੇ ਨਾਲ ਹੀ ਇਹ ਨੌਜਵਾਨ ਸੂਬਾ ਸਰਕਾਰ ਵੱਲੋਂ ਜਾਰੀ ਵੱਖ-ਵੱਖ ਵਿਭਾਗਾਂ ਦੀਆਂ ਅਸਾਮੀਆਂ ਲਈ ਵੀ ਅਪਲਾਈ ਕਰ ਸਕਦੇ ਹਨ। ਸੂਬਾ ਸਰਕਾਰ ਇਨ੍ਹਾਂ ਨੌਜਵਾਨਾਂ ਦੀ ਮਦਦ ਕਰੇਗੀ।

ਦੱਸ ਦੇਈਏ ਕਿ ਦਿੱਲੀ ਵਿਧਾਨ ਸਭਾ ਚੋਣਾਂ ਦੇ ਚੋਣ ਨਤੀਜੇ ਬੀਤੀ 8 ਫਰਵਰੀ ਨੂੰ ਐਲਾਨੇ ਗਏ ਸਨ। ਭਾਜਪਾ ਨੇ 70 ਮੈਂਬਰੀ ਵਿਧਾਨ ਸਭਾ ਵਿੱਚ 48 ਸੀਟਾਂ ਹਾਸਿਲ ਕੀਤੀਆਂ ਅਤੇ ਕਰੀਬ 27 ਸਾਲਾਂ ਬਾਅਦ ਸੱਤਾ ਵਿੱਚ ਵਾਪਸੀ ਕੀਤੀ। ਉਥੇ ਹੀ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ। ਆਮ ਆਦਮੀ ਪਾਰਟੀ ਨੂੰ ਸਿਰਫ਼ 22 ਸੀਟਾਂ 'ਤੇ ਹੀ ਸੰਤੁਸ਼ਟ ਹੋਣਾ ਪਿਆ। ਇੱਥੋਂ ਤੱਕ ਕਿ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਵਰਗੇ ਦਿੱਗਜ ਨੇਤਾ ਵੀ ਇਸ ਚੋਣ ਵਿੱਚ ਆਪਣੀ ਸੀਟ ਨਹੀਂ ਬਚਾ ਸਕੇ। ਅਜਿਹੇ 'ਚ ਇਹ ਕਿਆਸ ਲਗਾਏ ਜਾ ਰਹੇ ਸਨ ਕਿ ਭਗਵੰਤ ਮਾਨ ਨੂੰ ਹਟਾ ਕੇ ਅਰਵਿੰਦ ਕੇਜਰੀਵਾਲ ਖੁਦ ਪੰਜਾਬ ਦੇ ਮੁੱਖ ਮੰਤਰੀ ਬਣ ਜਾਣਗੇ। ਪਰ ਭਗਵੰਤ ਮਾਨ ਨੇ ਇਨ੍ਹਾਂ ਅਟਕਲਾਂ ਨੂੰ ਅਫਵਾਹ ਕਰਾਰ ਦਿੱਤਾ ਹੈ।

## ਅਸੀਂ ਸ਼ਨੀਵਾਰ ਨੂੰ 6 ਇਜ਼ਰਾਈਲੀ ਬੰਧਕਾਂ ਨੂੰ ਕਰਾਂਗੇ ਰਿਹਾਅ

### ਵੀਰਵਾਰ ਨੂੰ 4 ਬੰਧਕਾਂ ਦੀਆਂ ਸੌਂਪਾਂਗੇ ਲਾਸ਼ਾਂ: ਹਮਾਸ



ਕਾਹਿਰਾ : ਹਮਾਸ ਦੇ ਇੱਕ ਚੋਟੀ ਦੇ ਨੇਤਾ ਨੇ ਕਿਹਾ ਕਿ ਉਨ੍ਹਾਂ ਦਾ ਸਮੂਹ ਸ਼ਨੀਵਾਰ ਨੂੰ 6 ਜ਼ਿੰਦਾ ਇਜ਼ਰਾਈਲੀ ਬੰਧਕਾਂ ਨੂੰ ਰਿਹਾਅ ਕਰੇਗਾ ਅਤੇ ਵੀਰਵਾਰ ਨੂੰ 4 ਬੰਧਕਾਂ ਦੀਆਂ ਲਾਸ਼ਾਂ ਸੌਂਪੇਗਾ, ਜਿਨ੍ਹਾਂ ਵਿੱਚ ਬਿਬਾਸ ਪਰਿਵਾਰ ਦੇ ਅਵਸ਼ੇਸ਼ ਵੀ ਸ਼ਾਮਲ ਹਨ। ਬਿਬਾਸ ਪਰਿਵਾਰ ਯੁੱਧ ਵਿਚ ਬੰਧੀ ਬਣਾਏ ਗਏ ਇਜ਼ਰਾਈਲੀਆਂ 'ਤੇ ਕਹਿਰ ਦਾ ਪ੍ਰਤੀਕ ਬਣ ਗਿਆ ਹੈ। ਇਜ਼ਰਾਈਲ ਨੇ ਕਿਹਾ ਹੈ ਕਿ ਉਹ ਉਨ੍ਹਾਂ ਦੀ ਹਾਲਤ ਬਾਰੇ ਬਹੁਤ ਚਿੰਤਤ ਹੈ ਪਰ ਉਸ ਨੇ ਉਨ੍ਹਾਂ ਦੀ ਮੌਤ ਦੀ ਪੁਸ਼ਟੀ ਨਹੀਂ ਕੀਤੀ ਹੈ।

ਹਮਾਸ ਨੇਤਾ ਖਲੀਲ ਅਲ-ਹਯਾ ਨੇ ਮੰਗਲਵਾਰ ਨੂੰ ਪਹਿਲਾਂ ਤੋਂ ਰਿਕਾਰਡ ਕੀਤੇ ਇੱਕ ਬਿਆਨ ਵਿੱਚ ਕਿਹਾ ਕਿ ਸੌਂਪੀਆਂ ਜਾਣ ਵਾਲੀਆਂ 4 ਲਾਸ਼ਾਂ ਵਿੱਚ "ਬਿਬਾਸ ਪਰਿਵਾਰ" ਵੀ ਹੋਵੇਗਾ। ਸ਼ਨੀਵਾਰ ਨੂੰ ਰਿਹਾਅ ਹੋਣ ਵਾਲੇ 6 ਵਿਅਕਤੀ ਗਾਜ਼ਾ ਵਿੱਚ ਜੰਗਬੰਦੀ ਦੇ ਪਹਿਲੇ ਪੜਾਅ ਤਹਿਤ ਰਿਹਾਅ ਕੀਤੇ ਜਾਣ ਵਾਲੇ ਆਖਰੀ ਬਚੇ ਹੋਏ ਬੰਧਕ ਹਨ। ਤਿੰਨ ਬੰਧਕਾਂ ਨੂੰ (ਪਿਛਲੇ) ਸ਼ਨੀਵਾਰ ਨੂੰ ਰਿਹਾਅ ਕੀਤੇ ਜਾਣ ਦੀ ਉਮੀਦ ਸੀ। ਇਹ ਸਪੱਸ਼ਟ ਨਹੀਂ ਹੈ ਕਿ ਹਮਾਸ ਨੇ ਯੋਜਨਾ ਕਿਉਂ ਬਦਲੀ। ਜੰਗ ਲੜ ਰਹੀਆਂ ਧਿਰਾਂ ਨੇ ਅਜੇ ਦੂਜੇ ਅਤੇ ਹੋਰ ਔਖੇ ਪੜਾਅ ਲਈ ਗੱਲਬਾਤ ਕਰਨੀ ਹੈ। ਬੰਧਕਾਂ ਦੀ ਰਿਹਾਈ ਇਜ਼ਰਾਈਲ ਦੁਆਰਾ ਸੈਂਕੜੇ ਫਲਸਤੀਨੀ ਕੈਦੀਆਂ ਦੀ ਰਿਹਾਈ ਦੇ ਬਦਲੇ ਵਿੱਚ ਕੀਤੀ ਗਈ ਹੈ। ਜਨਵਰੀ ਦੇ ਅੱਧ ਵਿੱਚ ਸ਼ੁਰੂ ਹੋਈ ਜੰਗਬੰਦੀ ਨੇ ਇਜ਼ਰਾਈਲ ਅਤੇ ਹਮਾਸ ਵਿਚਕਾਰ ਹੁਣ ਤੱਕ ਦੀ ਸਭ ਤੋਂ ਭਾਰੀ ਲੜਾਈ ਨੂੰ ਰੋਕ ਦਿੱਤਾ ਹੈ।

## ਟਰੰਪ ਰੂਸ ਦੀ 'ਗਲਤ ਜਾਣਕਾਰੀ' 'ਤੇ ਭਰੋਸਾ ਕਰ ਰਹੇ : ਜ਼ੇਲੈਂਸਕੀ



ਕੀਵ - ਯੂਕ੍ਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨੇ ਬੁੱਧਵਾਰ ਨੂੰ ਕਿਹਾ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਰੂਸ ਵੱਲੋਂ ਦਿੱਤੀ ਗਈ 'ਗਲਤ ਜਾਣਕਾਰੀ' 'ਤੇ ਭਰੋਸਾ ਕਰ ਰਹੇ ਹਨ। ਜ਼ੇਲੈਂਸਕੀ ਦਾ ਇਹ ਬਿਆਨ ਟਰੰਪ ਦੀ ਉਸ ਟਿੱਪਣੀ ਤੋਂ ਬਾਅਦ ਆਇਆ ਹੈ, ਜਿਸ 'ਚ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਸੀ ਕਿ ਯੂਕ੍ਰੇਨ ਦੇ ਨੇਤਾ ਦੀ ਲੋਕਪ੍ਰਿਯਤਾ 'ਚ ਕਮੀ ਆਈ ਹੈ। ਟਰੰਪ ਨੇ ਕਿਹਾ ਕਿ ਜ਼ੇਲੈਂਸਕੀ ਦੀ ਲੋਕਪ੍ਰਿਯਤਾ ਰੇਟਿੰਗ ਚਾਰ ਫੀਸਦੀ ਹੈ।

ਜ਼ੇਲੈਂਸਕੀ ਨੇ ਯੂਕ੍ਰੇਨ ਦੀ ਰਾਜਧਾਨੀ ਕੀਵ 'ਚ ਪ੍ਰੈੱਸ ਕਾਨਫਰੰਸ ਦੌਰਾਨ ਇਕ ਸਵਾਲ ਦੇ ਜਵਾਬ 'ਚ ਕਿਹਾ ''ਅਸੀਂ ਇਹ ਗਲਤ ਜਾਣਕਾਰੀ ਦੇਖੀ ਹੈ। ਅਸੀਂ ਸਮਝਦੇ ਹਾਂ ਕਿ ਇਹ ਰੂਸ ਨੇ ਫੈਲਾਇਆ ਹੈ।'' ਉਨ੍ਹਾਂ ਕਿਹਾ ਕਿ ਟਰੰਪ ''ਇਸ ਗਲਤ ਜਾਣਕਾਰੀ 'ਤੇ ਭਰੋਸਾ ਕਰ ਰਹੇ ਹਨ।''

ਟਰੰਪ ਨੇ ਇਹ ਵੀ ਸੁਝਾਅ ਦਿੱਤਾ ਕਿ ਯੂਕ੍ਰੇਨ ਨੂੰ ਯੂਕ੍ਰੇਨੀ ਸੰਵਿਧਾਨ ਅਨੁਸਾਰ ਚੋਣਾਂ ਕਰਵਾਉਣੀਆਂ ਚਾਹੀਦੀਆਂ ਹਨ, ਜੋ ਜੰਗ ਅਤੇ ਉਸਦੇ ਨਤੀਜੇ ਵਜੋਂ ਮਾਰਸ਼ਲ ਲਾਅ ਲਾਗੂ ਹੋਣ ਕਾਰਨ ਮੁਲਤਵੀ ਕਰ ਦਿੱਤੀਆਂ ਗਈਆਂ ਸਨ। ਜ਼ੇਲੈਂਸਕੀ ਦੀ ਇਹ ਟਿੱਪਣੀ ਉਸ ਸਮੇਂ ਆਈ ਹੈ, ਜਦੋਂ ਉਹ ਕੀਵ 'ਚ ਯੂਕ੍ਰੇਨ ਅਤੇ ਰੂਸ ਲਈ ਅਮਰੀਕਾ ਦੇ ਵਿਸ਼ੇਸ਼ ਦੂਤ ਕੀਥ ਕੈਲੋਗ ਨਾਲ ਬੈਠਕ ਕਰਨ ਵਾਲੇ ਹਨ।

## ਮੈਰੀਲੈਂਡ ਦੇ ਗਵਰਨਰ ਦੀ ਇੰਟਰਫੇਥ ਕੌਂਸਲ ਮੀਟਿੰਗ ਵਿੱਚ ਭਾਈ ਸਵਿੰਦਰ ਸਿੰਘ ਨੇ ਕੀਤੀ ਸਿੱਖ ਭਾਈਚਾਰੇ ਦੀ ਨੁਮਾਇੰਦਗੀ

ਮੈਰੀਲੈਂਡ : ਅਮਰੀਕਾ ਦੇ ਸੂਬੇ ਮੈਰੀਲੈਂਡ ਦੇ ਲੈਫਟੀਨੈਂਟ ਗਵਰਨਰ ਅਰੁਣਾ ਮਿਲਰ ਦੇ ਸੱਦੇ 'ਤੇ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ, ਭਾਈ ਸਵਿੰਦਰ ਸਿੰਘ ਨੇ ਹਾਲ ਹੀ ਵਿੱਚ ਹੋਈ ਗਵਰਨਰ ਦੀ ਇੰਟਰਫੇਥ ਕੌਂਸਲ ਦੀ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿੱਚ ਵੱਖ-ਵੱਖ ਧਰਮਾਂ ਦੇ ਆਗੂ ਭਾਈਚਾਰੇ ਨੂੰ ਦਰਪੇਸ਼ ਸਾਂਝੀਆਂ ਚੁਣੌਤੀਆਂ ਸੰਬੰਧੀ ਵਿਚਾਰ ਵਟਾਂਦਰਾ ਅਤੇ ਵੱਖ-ਵੱਖ ਧਰਮਾਂ ਦੇ ਲੋਕਾਂ ਵਿੱਚਕਾਰ ਏਕਤਾ ਨੂੰ ਉਤਸ਼ਾਹਿਤ ਕਰਨ ਲਈ ਇਕੱਠੇ ਹੋਏ।



ਭਾਈ ਸਵਿੰਦਰ ਸਿੰਘ ਪਿਛਲੇ 25 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਮੈਰੀਲੈਂਡ ਦੇ ਨਿਵਾਸੀ ਹਨ ਅਤੇ ਸੂਬੇ ਵਿੱਚ ਹੋਣ ਵਾਲੇ ਇੰਟਰਫੇਥ ਪ੍ਰੋਗਰਾਮਾਂ, ਸੰਵਾਦਾਂ ਅਤੇ ਸਮਾਜਿਕ ਉਪਰਾਲਿਆਂ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਂਦੇ ਹਨ। ਕੌਂਸਲ ਦੀ ਮੀਟਿੰਗ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਸਿੱਖ ਸਿਧਾਂਤਾ- ਸਮਾਨਤਾ, ਨਿਰਸਵਾਰਥ ਸੇਵਾ ਅਤੇ ਵਿਸ਼ਵਵਿਆਪੀ ਭਾਈਚਾਰੇ - ਦਾ ਪ੍ਰਚਾਰ ਕਰਦੀ ਹੈ, ਜੋ ਕਿ ਇੰਟਰਫੇਥ ਕੌਂਸਲ ਦੇ ਏਕਤਾ ਅਤੇ ਸਾਂਝ ਨੂੰ ਮਜ਼ਬੂਤ ਕਰਨ ਦੇ ਮਿਸ਼ਨ ਨਾਲ ਮੇਲ ਖਾਂਦੀ ਹੈ। ਮੀਟਿੰਗ ਸੰਬੰਧੀ, ਲੈਫਟੀਨੈਂਟ ਗਵਰਨਰ ਅਰੁਣਾ ਮਿਲਰ ਨੇ ਸੋਸ਼ਲ ਮੀਡੀਆ 'ਤੇ ਲਿਖਿਆ, "ਸਮਾਜਿਕ ਸਮੱਸਿਆਵਾਂ ਦਾ ਹੱਲ ਕਰਨ ਲਈ ਸਾਰੇ ਧਰਮਾਂ ਦੇ ਮੈਂਬਰਾਂ ਨੂੰ ਇਕੱਠੇ ਕਰਨਾ ਜ਼ਰੂਰੀ ਹੈ। ਸਾਡੀ ਇੰਟਰਫੇਥ ਕੌਂਸਲ ਇਹ ਵਿਸ਼ਵਾਸ ਰੱਖਦੀ ਹੈ ਕਿ ਅਸੀਂ ਆਪਸੀ ਸਹਿਯੋਗ ਅਤੇ ਭਾਈਵਾਲੀ ਰਾਹੀਂ ਹੀ ਅੱਗੇ ਵੱਧ ਸਕਦੇ ਹਾਂ। ਇਕੱਠੇ ਮਿਲ ਕੇ, ਅਸੀਂ ਸਕਾਰਾਤਮਕ ਤਬਦੀਲੀ ਨੂੰ ਯਕੀਨੀ ਬਣਾ ਸਕਦੇ ਹਾਂ!"

ਭਾਈ ਸਵਿੰਦਰ ਸਿੰਘ ਨੇ ਇਸ ਇੰਟਰਫੇਥ ਮੀਟਿੰਗ ਦੀ ਮਹੱਤਤਾ ਉੱਤੇ ਜ਼ੋਰ ਦਿੰਦਿਆ ਕਿਹਾ ਕਿ ਅਜਿਹੀਆਂ ਬੈਠਕਾਂ ਆਪਸੀ ਸਮਝ ਨੂੰ ਵਿਕਸਤ ਕਰਦੀਆਂ ਹਨ ਅਤੇ ਮਨੁੱਖਤਾ ਦੀ ਭਲਾਈ ਵਾਸਤੇ ਸਾਂਝੀਆਂ ਕੋਸ਼ਿਸ਼ਾਂ ਨੂੰ ਮਜ਼ਬੂਤ ਕਰਦੀਆਂ ਹਨ। ਉਹਨਾਂ ਨੇ ਗਵਰਨਰ ਵੱਲੋਂ ਵੱਖ-ਵੱਖ ਧਰਮਾਂ ਦੇ ਆਗੂਆਂ ਨੂੰ ਵਿਚਾਰ-ਵਟਾਂਦਰੇ ਅਤੇ ਸਹਿਯੋਗ ਲਈ ਇਕੱਠੇ ਕਰਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

ਇੰਟਰਫੇਥ ਕੌਂਸਲ ਦੇ ਮੈਂਬਰ ਵਜੋਂ, ਭਾਈ ਸਵਿੰਦਰ ਸਿੰਘ ਨੇ 'ਫੂਡ (ਖੁਰਾਕ) ਸੁਰੱਖਿਆ' ਅਤੇ 'ਇੰਟਰਫੇਥ ਕੌਂਸਲ ਰਿਲੇਸ਼ਨ' ਕਮੇਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਲਿਆ ਹੈ। ਉਨ੍ਹਾਂ ਨੇ ਦੱਸਿਆ ਕਿ ਸੂਬੇ ਦੇ ਨਿਯਮਾਂ ਅਨੁਸਾਰ, ਉਹ ਸਿੱਖ ਅਤੇ ਹੋਰ ਭਾਈਚਾਰਿਆਂ ਨਾਲ ਮਿਲ ਕੇ ਸਰਕਾਰੀ ਸਰੋਤਾਂ ਦੀ ਵੰਡ ਨੂੰ ਸੁਨਿਸ਼ਚਿਤ ਕਰਨ ਦੀ ਕੋਸ਼ਿਸ਼ ਕਰਨਗੇ। ਗਵਰਨਰ ਦੀ ਇੰਟਰਫੇਥ ਕੌਂਸਲ, ਧਾਰਮਿਕ ਭਾਈਚਾਰਿਆਂ ਵਿੱਚਕਾਰ ਸਮਝ ਅਤੇ ਸਹਿਯੋਗ ਨੂੰ ਉਤਸ਼ਾਹਿਤ ਕਰਨ ਦਾ ਇੱਕ ਮੰਚ ਹੈ। ਭਾਈ ਸਵਿੰਦਰ ਸਿੰਘ ਵਾਂਗ ਧਾਰਮਿਕ ਆਗੂਆਂ ਦੀ ਸ਼ਮੂਲੀਅਤ, ਮੈਰੀਲੈਂਡ ਵਿੱਚ ਏਕਤਾ ਅਤੇ ਸੇਵਾ ਪ੍ਰਤੀ ਲਗਨ ਨੂੰ ਦਰਸਾਉਂਦੀ ਹੈ।

ਵੱਲੋਂ: ਸਮੀਪ ਸਿੰਘ ਗੁਮਟਾਲਾ

ਪੰਜਾਬ ਸਟਾਰ ਟੀਵੀ

PUNJAB STAR TV

ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ

IPTV
ROKU
eBaba Ent
webtv

ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ

ਪੰਜਾਬ ਸਟਾਰ ਟੀਵੀ

ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ
ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666

YUPPTV
GET IT ON Google Play
Shava tv
Jadoo tv
Cruze tv
amazon fire TV

NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਮੈਕਸੀਕੋ ਸਰਕਾਰ ਦੀ ਗੂਗਲ ਨੂੰ ਚਿਤਾਵਨੀ

## ਜੇ ਮੈਕਸੀਕੋ ਦੀ ਖਾੜੀ ਦਾ ਨਾਮ ਬਦਲਿਆ ਤਾਂ...



ਮੈਕਸੀਕੋ ਸਿਟੀ : ਮੈਕਸੀਕੋ ਸਰਕਾਰ ਨੇ ਗੂਗਲ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਹ ਉਪਭੋਗਤਾਵਾਂ ਲਈ ਆਪਣੇ ਗੂਗਲ ਮੈਪਸ 'ਤੇ ਮੈਕਸੀਕੋ ਦੀ ਖਾੜੀ ਦਾ ਨਾਮ ਬਦਲ ਕੇ ਅਮਰੀਕਾ ਦੀ ਖਾੜੀ ਕਰਦਾ ਹੈ ਤਾਂ ਉਹ ਉਸਦੇ ਖਿਲਾਫ ਅਦਾਲਤ ਜਾਵੇਗੀ। ਗੂਗਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਾਰਜਕਾਰੀ ਆਦੇਸ਼ ਦੇ ਅਨੁਸਾਰ ਉਨ੍ਹਾਂ ਦੀ ਖਾੜੀ ਦਾ ਨਾਮ ਬਦਲਣ ਲਈ ਤਿਆਰ ਹੈ। ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ ਸੋਮਵਾਰ ਨੂੰ ਨੈਸ਼ਨਲ ਪੈਲੇਸ ਵਿਖੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ,"ਅਸੀਂ ਗੂਗਲ ਤੋਂ ਜਵਾਬ ਦੀ ਉਡੀਕ ਕਰਾਂਗੇ ਅਤੇ ਜੇਕਰ ਸਾਨੂੰ ਕੋਈ ਜਵਾਬ ਨਹੀਂ ਮਿਲਦਾ, ਤਾਂ ਅਸੀਂ ਕਾਨੂੰਨੀ ਕਾਰਵਾਈ ਕਰਾਂਗ। ਉਨ੍ਹਾਂ ਕੋਲ ਕੋਈ ਅਧਿਕਾਰ ਨਹੀਂ ਹੈ। ਗੂਗਲ ਨੂੰ ਮੈਕਸੀਕੋ ਅਤੇ ਕਿਊਬਾ ਲਈ ਪਲੇਟਫਾਰਮ ਦਾ ਨਾਮ ਬਦਲਣ ਦਾ ਅਧਿਕਾਰ ਨਹੀਂ ਹੈ ਅਤੇ ਇਸੇ ਕਾਰਨ ਇਹ ਸਥਿਤੀ ਪੈਦਾ ਹੋਈ ਹੈ।" ਮੈਕਸੀਕੋ ਸਰਕਾਰ ਨੇ ਗੂਗਲ ਨੂੰ ਲਿਖੇ ਇੱਕ ਪੱਤਰ ਵਿੱਚ ਕਿਹਾ ਹੈ ਕਿ ਮੈਕਸੀਕੋ ਦੀ ਖਾੜੀ ਦਾ ਨਾਮ ਬਦਲ ਕੇ ਅਮਰੀਕਾ ਦੀ ਖਾੜੀ ਕਰਨ ਦਾ ਟਰੰਪ ਦਾ ਕਾਰਜਕਾਰੀ ਆਦੇਸ਼ ਅਮਰੀਕੀ ਖੇਤਰੀ ਪਾਣੀਆਂ ਦੇ ਅੰਦਰ ਜਾਂ ਤੱਟ ਤੋਂ 22 ਸਮੁੰਦਰੀ ਮੀਲ ਤੱਕ ਵੈਧ ਹੈ। ਕਾਰਜਕਾਰੀ ਹੁਕਮ ਸਿਰਫ਼ ਮਹਾਂਦੀਪੀ ਸ਼ੈਲਫ਼ ਦਾ ਨਾਮ ਬਦਲਦਾ ਹੈ, ਪੂਰੀ ਖਾੜੀ ਦਾ ਨਹੀਂ! ਇੱਥੇ, ਗੂਗਲ ਮੈਕਸੀਕਨ ਅਤੇ ਕਿਊਬਨ ਪਲੇਟਫਾਰਮਾਂ ਦਾ ਨਾਮ ਬਦਲ ਰਿਹਾ ਹੈ। ਅਸੀਂ ਇਸ ਨਾਲ ਸਹਿਮਤ ਨਹੀਂ ਹਾਂ।" ਇਹ ਧਿਆਨ ਦੇਣ ਯੋਗ ਹੈ ਕਿ 20 ਜਨਵਰੀ ਨੂੰ ਆਪਣੇ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਟਰੰਪ ਨੇ ਮੈਕਸੀਕੋ ਦੀ ਖਾੜੀ ਦਾ ਨਾਮ ਬਦਲ ਕੇ ਅਮਰੀਕਾ ਦੀ ਖਾੜੀ ਅਤੇ ਅਲਾਸਕਾ ਵਿੱਚ ਮਾਊਂਟ ਡੇਨਾਲੀ ਦਾ ਨਾਮ ਬਦਲ ਕੇ ਮਾਊਂਟ ਮੈਕਕਿਨਲੇ ਰੱਖਣ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ ਸਨ।

# ਕਿਸਾਨ ਸੰਘਰਸ਼: ਕੇਂਦਰ ਨੇ 22 ਨੂੰ ਦੂਜੇ ਗੇੜ ਦੀ ਮੀਟਿੰਗ ਸੱਦੀ



ਪਟਿਆਲਾ/ਪਾਤੜਾਂ : ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਨਾਲ ਪਿਛਲੇ ਹਫਤੇ ਸ਼ੁਰੂ ਕੀਤੀ ਗਈ ਵਾਰਤਾ ਦੀ ਲੜੀ ਤਹਿਤ ਕੇਂਦਰ ਸਰਕਾਰ ਨੇ 22 ਫਰਵਰੀ ਨੂੰ ਦੂਜੇ ਗੇੜ ਦੀ ਮੀਟਿੰਗ ਵੀ ਸੱਦ ਲਈ ਹੈ। ਇਸ ਸਬੰਧੀ ਕੇਂਦਰੀ ਖੇਤੀਬਾੜੀ ਮੰਤਰਾਲੇ ਦੇ ਜੁਆਇੰਟ ਸਕੱਤਰ ਪੂਰਨ ਚੰਦਰ ਕਿਸ਼ਨ ਵੱਲੋਂ ਅੱਜ ਉਕਤ ਦੋਵਾਂ ਜਥੇਬੰਦੀਆਂ ਨੂੰ ਰਸਮੀ ਸੱਦਾ ਪੱਤਰ ਭੇਜ ਦਿੱਤੇ ਗਏ ਹਨ ਜੋ ਜਗਜੀਤ ਸਿੰਘ ਡੱਲੇਵਾਲ ਅਤੇ ਸਰਵਣ ਸਿੰਘ ਪੰਧੇਰ ਦੇ ਨਾਂ ਲਿਖੇ ਗਏ ਹਨ। ਇਸ ਪੱਤਰ ਦੀ ਕਾਪੀ ਇਨ੍ਹਾਂ ਦੋਵਾਂ ਜਥੇਬੰਦੀਆਂ ਨੇ ਅੱਜ ਸਾਂਝੇ ਤੌਰ ’ਤੇ ਮੀਡੀਆ ਨੂੰ ਜਾਰੀ ਕੀਤੀ। ਮੀਟਿੰਗ ’ਚ ਡੱਲੇਵਾਲ ਵੀ ਸ਼ਾਮਲ ਹੋਣਗੇ। ਇਸ ਮਾਮਲੇ ’ਤੇ ਰਣਨੀਤੀ ਬਣਾਉਣ ਲਈ ਦੋਵੇਂ ਜਥੇਬੰਦੀਆਂ 20 ਜਾਂ 21 ਫਰਵਰੀ ਨੂੰ ਮੀਟਿੰਗ ਵੀ ਕਰਨੀਆਂ ਜਿਸ ਵਿੱਚ 14 ਫਰਵਰੀ ਵਾਲੀ ਮੀਟਿੰਗ ’ਚ ਸ਼ਾਮਲ ਰਹੇ 28 ਮੈਂਬਰੀ ਵਫ਼ਦ ਦੇ ਹੀ ਸ਼ਾਮਲ ਹੋਣ ਦੀ ਸੰਭਾਵਨਾ ਹੈ। ਇਸ ਬਾਰੇ ਡੱਲੇਵਾਲ ਨੇ ਕਿਹਾ ਪਿਛਲੀ ਮੀਟਿੰਗ ’ਚ ਜਾਣ ਮੌਕੇ ਉਨ੍ਹਾਂ ਨੂੰ ਕਾਫੀ ਮੁਸ਼ਕਲ ਸਹਿਣੀ ਪਈ ਸੀ, ਪਰ ਇਸ ਦੇ ਬਾਵਜੂਦ ਉਹ ਇਸ ਮੀਟਿੰਗ ’ਚ ਵੀ ਜ਼ਰੂਰ ਸਾਮਲ ਹੋਣਗੇ। ਜ਼ਿਕਰਯੋਗ ਹੈ ਕਿ ਪੁੱਤ ਦੇ ਵਿਆਹ ਕਾਰਨ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਪਿਛਲੀ ਮੀਟਿੰਗ ’ਚ ਸ਼ਾਮਲ ਨਹੀਂ ਸਨ ਹੋਏ। ਅੱਜ ਦੇ ਪੱਤਰ ’ਚ ਵੀ ਭਾਵੇਂ ਖੇਤੀ ਮੰਤਰੀ ਦੇ ਆਉਣ ਦਾ ਉਚੇਚਾ ਜ਼ਿਕਰ ਤਾਂ ਨਹੀਂ ਹੈ ਪਰ ਪਿਛਲੀ ਮੀਟਿੰਗ ’ਚ ਹੋਏ ਵਾਅਦੇ ਤਹਿਤ ਕਿਸਾਨ ਜਥੇਬੰਦੀਆਂ ਨੂੰ ਉਨ੍ਹਾਂ ਦੇ ਆਉਣ ਦੀ ਪੂਰੀ ਆਸ ਹੈ। ਇੱਥੋਂ ਪੰਜਾਬ ਦੇ ਖੇਤੀ ਮੰਤਰੀ ਤੇ ਹੋਰ ਵੀ ਸ਼ਿਰਕਤ ਕਰਨਗੇ।

# ਇਜ਼ਰਾਇਲੀ ਹਮਲੇ 'ਚ ਹਮਾਸ ਦੇ ਮੁਖੀ ਸ਼ਾਹੀਨ ਦੀ ਹੋਈ ਮੌਤ, 14 ਮਹੀਨਿਆਂ ਤੋਂ ਚੱਲ ਰਹੀ ਜੰਗ ਹੋਈ ਖ਼ਤਮ



ਇਜ਼ਰਾਈਲੀ ਫੌਜ ਨੇ ਕਿਹਾ ਕਿ ਸੋਮਵਾਰ ਨੂੰ ਦੱਖਣੀ ਲੇਬਨਾਨ ਵਿੱਚ ਇੱਕ ਡਰੋਨ ਹਮਲੇ ਵਿੱਚ ਹਮਾਸ ਦੇ ਮੁਖੀ ਦੀ ਮੌਤ ਹੋ ਗਈ ਹੈ। ਇਹ ਹਮਲਾ ਜੰਗਬੰਦੀ ਸਮਝੌਤੇ ਤਹਿਤ ਦੱਖਣੀ ਲੇਬਨਾਨ ਤੋਂ ਇਜ਼ਰਾਈਲ ਦੇ ਪੂਰੀ ਤਰ੍ਹਾਂ ਪਿੱਛੇ ਹਟਣ ਦੀ ਸਮਾਂ ਸੀਮਾ ਤੋਂ ਪਹਿਲਾਂ ਹੋਇਆ ਹੈ। ਇਜ਼ਰਾਈਲੀ ਫੌਜ ਨੇ ਕਿਹਾ ਕਿ ਹਮਾਸ ਦੇ ਮਾਰੇ ਗਏ ਮੁਖੀ ਦਾ ਨਾਂ ਮੁਹੰਮਦ ਸ਼ਾਹੀਨ ਹੈ ਅਤੇ ਉਹ ਲੇਬਨਾਨ ‘ਚ ਲੜਾਕੂ ਸੰਗਠਨ ਦੇ ਆਪਰੇਸ਼ਨ ਵਿਭਾਗ ‘ਚ ਅਹਿਮ ਜ਼ਿੰਮੇਵਾਰੀਆਂ ਨਿਭਾ ਰਿਹਾ ਸੀ।

ਦੱਸ ਦੇਈਏ ਕਿ ਸਮਝੌਤੇ ਦੇ ਤਹਿਤ ਇਜ਼ਰਾਇਲ ਅਤੇ ਹਿਜ਼ਬੁੱਲਾ ਵਿਚਾਲੇ 14 ਮਹੀਨਿਆਂ ਤੋਂ ਚੱਲੀ ਜੰਗ ਖਤਮ ਹੋ ਗਈ ਹੈ। ਇਜ਼ਰਾਈਲ ਦੀ ਫੌਜ ਨੇ ਸੋਮਵਾਰ ਨੂੰ ਕਿਹਾ ਕਿ ਸ਼ਾਹੀਨ ‘ਤੇ ਇਜ਼ਰਾਈਲ ਰਾਜ ਦੇ ਨਾਗਰਿਕਾਂ ਵਿਰੁੱਧ ਲੇਬਨਾਨੀ ਖੇਤਰ ਤੋਂ ਇਰਾਨ ਦੁਆਰਾ ਨਿਰਦੇਸ਼ਤ ਅਤੇ ਵਿੱਤੀ ਸਹਾਇਤਾ ਪ੍ਰਾਪਤ ਹਾਲ ਹੀ ਦੇ ਹਮਲਿਆਂ ਦੀ ਯੋਜਨਾ ਬਣਾਉਣ ਦਾ ਦੋਸ਼ ਹੈ। ਆਨਲਾਈਨ ਪ੍ਰਸਾਰਿਤ ਕੀਤੀ ਗਈ ਫੁਟੇਜ ਵਿੱਚ ਇੱਕ ਕਾਰ ਨੂੰ ਅੱਗ ਵਿੱਚ ਲਪੇਟਿਆ ਹੋਇਆ ਦਿਖਾਇਆ ਗਿਆ ਹੈ।

ਇਜ਼ਰਾਈਲੀ ਫੌਜ ਦੀ ‘ਮਾਊਂਟੇਨ ਬ੍ਰਿਗੇਡ’ ਨੇ ਮਾਊਂਟ ਡੋਵ ‘ਤੇ ਹਿਜ਼ਬੁੱਲਾ ਦੇ ਜ਼ਮੀਨਦੋਜ਼ ਬੇਸ ਨੂੰ ਤਬਾਹ ਕਰ ਦਿੱਤਾ ਹੈ। ਇਜ਼ਰਾਈਲੀ ਰੱਖਿਆ ਬਲਾਂ ਨੇ ਸੋਮਵਾਰ ਨੂੰ ਕਿਹਾ ਕਿ ਇਹ ਸੁਰੰਗ ਹਿਜ਼ਬੁੱਲਾ ਦੀ ਰਦਵਾਨ ਯੂਨਿਟ ਦੀ ਸੀ ਅਤੇ ਇਸ ਵਿੱਚ ਲੜਾਈ ਦੇ ਸਾਜ਼ੋ-ਸਾਮਾਨ ਅਤੇ ਰਹਿਣ ਦੇ ਸਥਾਨ ਸਨ। ਕਈ ਮੀਟਰਾਂ ਤੱਕ ਫੈਲੀ ਇਸ ਸੁਰੰਗ ਦੀ ਖੋਜ ਕੁਝ ਹਫ਼ਤੇ ਪਹਿਲਾਂ ਮਾਊਂਟੇਨ ਬ੍ਰਿਗੇਡ ਦੁਆਰਾ IDF ਦੀ ਯਹਾਲੋਮ ਲੜਾਈ ਇੰਜੀਨੀਅਰਿੰਗ ਯੂਨਿਟ ਦੇ ਸਹਿਯੋਗ ਨਾਲ ਕੀਤੀ ਗਈ ਸੀ।

ਦੋ ਮਹੀਨਿਆਂ ਦੀ ਜੰਗਬੰਦੀ ਦੀਆਂ ਸ਼ਰਤਾਂ ਦੇ ਤਹਿਤ, ਹਿਜ਼ਬੁੱਲਾ ਨੂੰ ਲਿਤਾਨੀ ਨਦੀ ਦੇ ਦੱਖਣ ਵਿੱਚ ਦੱਖਣੀ ਲੇਬਨਾਨ ਦੇ ਖੇਤਰਾਂ ਤੋਂ ਆਪਣੀ ਹਥਿਆਰਬੰਦ ਮੌਜੂਦਗੀ ਨੂੰ ਹਟਾਉਣਾ ਚਾਹੀਦਾ ਹੈ। ਦੱਖਣੀ ਲੇਬਨਾਨ ਦੇ ਜ਼ਿਆਦਾਤਰ ਹਿੱਸਿਆਂ ਤੋਂ ਇਜ਼ਰਾਈਲੀ ਬਲ ਵੀ ਪਿੱਛੇ ਹਟ ਗਏ ਹਨ। ਲੇਬਨਾਨੀ ਫੌਜ ਦੀ ਤਾਇਨਾਤੀ ਤੋਂ ਸੰਤੁਸ਼ਟ ਨਹੀਂ, ਇਜ਼ਰਾਈਲ ਨੇ ਅਮਰੀਕਾ ਦੀ ਮਨਜ਼ੂਰੀ ਨਾਲ ਪੰਜ ਥਾਵਾਂ ‘ਤੇ ਆਪਣੀ ਫੌਜ ਤਾਇਨਾਤ ਕੀਤੀ ਹੈ।

120 ਕਿਲੋਮੀਟਰ ਲੰਬੀ ਇਜ਼ਰਾਈਲੀ-ਲੇਬਨਾਨੀ ਸਰਹੱਦ, ਜਿਸ ਨੂੰ ‘ਬਲੂ ਲਾਈਨ’ ਕਿਹਾ ਜਾਂਦਾ ਹੈ, ਨੂੰ ਸੰਯੁਕਤ ਰਾਸ਼ਟਰ ਦੇ ਕਾਰਟੋਗ੍ਰਾਫਰਾਂ ਦੁਆਰਾ 2000 ਵਿੱਚ ਲੇਬਨਾਨ ਤੋਂ ਇਜ਼ਰਾਈਲ ਦੀ ਵਾਪਸੀ ਦੀ ਪੁਸ਼ਟੀ ਕਰਨ ਲਈ ਖਿੱਚਿਆ ਗਿਆ ਸੀ। ਇਹ ਸਰਹੱਦ ਮੈਡੀਟੇਰੀਅਨ ਤੱਟ ‘ਤੇ ਰੋਸ਼ ਹਨੀਕਰਾ ਤੋਂ ਲੈ ਕੇ ਮਾਊਂਟ ਡੋਵ ਤੱਕ ਚਲਦੀ ਹੈ, ਜਿੱਥੇ ਇਜ਼ਰਾਈਲ-ਲੇਬਨਾਨ ਦੀ ਸਰਹੱਦ ਸੀਰੀਆ ਨਾਲ ਮਿਲਦੀ ਹੈ।

# ਡਿਪੋਰਟ ਹੋ ਕੇ ਆਇਆ ਕੈਥਲ ਦਾ ਨੌਜਵਾਨ ਗ੍ਰਿਫਤਾਰ, ਅਦਾਲਤ ‘ਚ ਪੇਸ਼ ਕਰਕੇ ਭੇਜਿਆ ਜੇਲ੍ਹ



ਹਰਿਆਣਾ: ਹਰਿਆਣਾ ਦੇ ਕੈਥਲ ਦਾ ਇੱਕ ਨੌਜਵਾਨ ਅਮਰੀਕਾ ਤੋਂ ਡਿਪੋਰਟ ਹੋ ਕੇ ਵਾਪਿਸ ਪਰਤਿਆ ਹੈ। ਅਮਰੀਕਾ ਤੋਂ ਪਰਤਣ ਤੋਂ ਬਾਅਦ ਵੀ ਉਸ ਦੀਆਂ ਮੁਸ਼ਕਿਲਾਂ ਘੱਟ ਨਹੀਂ ਹੋਈਆਂ ਹਨ। ਨੌਜਵਾਨ ਨੂੰ ਘਰ ਪਹੁੰਚਦੇ ਹੀ ਪੁਲਿਸ ਨੇ ਕਾਬੂ ਕਰ ਲਿਆ ਹੈ। ਇਹ ਨੌਜਵਾਨ ਐਤਵਾਰ ਰਾਤ ਨੂੰ ਹੀ ਅਮਰੀਕਾ ਤੋਂ ਡਿਪੋਰਟ ਹੋਣ ਤੋਂ ਬਾਅਦ ਵਾਪਿਸ ਆਇਆ ਸੀ। ਮੁਲਜ਼ਮ ਨੌਜਵਾਨ ਦੀ ਪਛਾਣ ਰੋਹਿਤ ਵਾਸੀ ਬੈਲਜੰਪਰ ਖੇੜੀ ਗੁਲਾਮ ਅਲੀ, ਕੈਥਲ ਵਜੋਂ ਹੋਈ ਹੈ। ਰੋਹਿਤ ਨੂੰ ਸੀਵਾਨ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ।

ਦਰਅਸਲ ਸਾਲ 2021 ‘ਚ ਖੇੜੀ ਗੁਲਾਮ ਅਲੀ ਪਿੰਡ ‘ਚ ਲੜਾਈ ਦੇ ਦੋਸ਼ ‘ਚ ਦੋਸ਼ੀ ਰੋਹਿਤ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ। ਇਸ ਮਾਮਲੇ ‘ਚ ਦੋਸ਼ੀ ਰੋਹਿਤ ਅਦਾਲਤ ‘ਚ ਪੇਸ਼ ਹੋਏ ਬਿਨਾਂ ਹੀ ਅਮਰੀਕਾ ਭੱਜ ਗਿਆ ਸੀ। ਰੋਹਿਤ ਵੀ ਡੌਂਕੀ ਰੂਟ ਅਮਰੀਕਾ ਪਹੁੰਚਿਆ। ਹੁਣ ਅਮਰੀਕਾ ਤੋਂ ਡਿਪੋਰਟ ਹੋਣ ਤੋਂ ਬਾਅਦ ਰੋਹਿਤ ਨੂੰ ਸੀਵਾਨ ਥਾਣਾ ਇੰਚਾਰਜ ਐਸਆਈ ਕੁਲਦੀਪ ਸਿੰਘ ਦੀ ਅਗਵਾਈ ਹੇਠ ਐਚ.ਸੀ ਪ੍ਰਦੀਪ ਦੀ ਟੀਮ ਨੇ ਗ੍ਰਿਫ਼ਤਾਰ ਕਰ ਲਿਆ ਹੈ। ਇਸ ਮਾਮਲੇ ਸਬੰਧੀ ਥਾਣਾ ਸਦਰ ਦੇ ਇੰਚਾਰਜ ਕੁਲਦੀਪ ਸਿੰਘ ਨੇ ਦੱਸਿਆ ਕਿ 6 ਜੂਨ 2021 ਨੂੰ ਕਥਿਤ ਦੋਸ਼ੀ ਰੋਹਿਤ ਨੇ ਆਪਣੇ ਹੋਰ ਸਾਥੀਆਂ ਨਾਲ ਮਿਲ ਕੇ ਜ਼ਮੀਨੀ ਵਿਵਾਦ ਨੂੰ ਲੈ ਕੇ ਹੋਰ ਵਿਅਕਤੀਆਂ ‘ਤੇ ਹਮਲਾ ਕਰ ਦਿੱਤਾ ਸੀ। ਇਸ ਸਬੰਧੀ ਥਾਣਾ ਸੀਵਾਨ ਵਿੱਚ ਕੇਸ ਦਰਜ ਕਰ ਲਿਆ ਗਿਆ ਹੈ।

ਉਕਤ ਮਾਮਲੇ ‘ਚ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਬਾਅਦ ਵਿਚ ਉਸ ਨੂੰ ਅਦਾਲਤ ਤੋਂ ਜ਼ਮਾਨਤ ਮਿਲ ਗਈ। ਇਹ ਮਾਮਲਾ ਅਦਾਲਤ ਵਿੱਚ ਚੱਲ ਰਿਹਾ ਸੀ ਪਰ ਜ਼ਮਾਨਤ ਮਿਲਣ ਤੋਂ ਬਾਅਦ ਮੁਲਜ਼ਮ ਰੋਹਿਤ ਅਦਾਲਤ ਵਿੱਚ ਪੇਸ਼ ਨਹੀਂ ਹੋਇਆ। ਇਸ ਤੋਂ ਬਾਅਦ ਅਦਾਲਤ ਨੇ 4 ਮਈ 2024 ਨੂੰ ਉਸ ਨੂੰ ਭਗੌੜਾ ਕਰਾਰ ਦਿੱਤਾ ਸੀ। ਜਾਣਕਾਰੀ ਅਨੁਸਾਰ ਰੋਹਿਤ ਅਕਤੂਬਰ 2022 ‘ਚ ਇੰਗਲੈਂਡ ਗਿਆ ਸੀ। ਉਹ ਦੋ ਸਾਲ ਤੋਂ ਵੱਧ ਸਮਾਂ ਇੰਗਲੈਂਡ ਵਿੱਚ ਰਿਹਾ। ਉਥੋਂ ਉਹ ਜਨਵਰੀ 2025 ਵਿੱਚ ਅਮਰੀਕਾ ਚਲਾ ਗਿਆ। ਅਮਰੀਕਾ ਪਹੁੰਚਦੇ ਹੀ ਉਸ ਨੂੰ ਉਥੋਂ ਦੀ ਪੁਲਿਸ ਨੇ ਫੜ ਲਿਆ ਅਤੇ ਅਮਰੀਕਾ ਤੋਂ ਡਿਪੋਰਟ ਕਰਕੇ ਭਾਰਤ ਵਾਪਿਸ ਭੇਜ ਦਿੱਤਾ। ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੋਂ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

# ਜੰਡਿਆਲਾ ਗੁਰੂ 'ਚ ਵੱਡੀ ਵਾਰਦਾਤ, ਦੇਰ ਰਾਤ ਇਕ ਘਰ ਦੇ ਬਾਹਰ ਹੋਈ ਗੋਲੀਬਾਰੀ

ਜੰਡਿਆਲਾ ਗੁਰੂ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ। ਇਥੇ ਮੁਹੱਲਾ ਸ਼ੇਖੂਪੁਰਾ ਵਿਖੇ ਗੋਲੀਬਾਰੀ ਦੀ ਘਟਨਾ ਸਾਹਮਣੇ ਆਈ ਹੈ। ਇਥੇ ਕਾਂਗਰਸੀ ਆਗੂ ਬਲਵਿੰਦਰ ਸਿੰਘ ਘਰ ਦੇ ਬਾਹਰ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਚਲਾਈਆਂ ਹਨ। ਘਟਨਾ ਦੀ ਸੂਚਨਾ ਮਿਲਣ 'ਤੇ ਪੁਲਿਸ ਮੌਕੇ ਉੱਤੇ ਪਹੁੰਚ ਗਈ ਤੇ ਮਾਮਲੇ ਦੀ ਜਾਂਚ ਕਰ ਰਹੀ ਹੈ।

# ਇਸਤਗਾਸਾ ਧਿਰ ਨੇ ਸੱਜਣ ਕੁਮਾਰ ਲਈ ਮੌਤ ਦੀ ਸਜ਼ਾ ਮੰਗੀ

## ਕੇਸ ਦੀ ਅਗਲੀ ਸੁਣਵਾਈ 21 ਫਰਵਰੀ ਨੂੰ



ਨਵੀਂ ਦਿੱਲੀ : ਇਸਤਗਾਸਾ ਧਿਰ (ਪੀੜਤ ਪਰਿਵਾਰ) ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਜੁੜੇ ਕਤਲ ਕੇਸ ਨੂੰ ‘ਵਿਰਲਿਆਂ ’ਚੋਂ ਵਿਰਲਾ’ ਅਪਰਾਧ ਦੱਸਦੇ ਹੋਏ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਲਈ ਮੌਤ ਦੀ ਸਜ਼ਾ ਮੰਗੀ ਹੈ। ਇਸਤਗਾਸਾ ਧਿਰ ਨੇ ਅੱਜ ਲਿਖਤੀ ਹਲਫ਼ਨਾਮੇ ਰਾਹੀਂ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੂੰ ਸੂਚਿਤ ਕੀਤਾ। ਉਂਝ ਕਤਲ ਲਈ ਵੱਧ ਤੋਂ ਵੱਧ ਉਮਰ ਕੈਦ ਦੀ ਸਜ਼ਾ ਹੈ। ਕੁਮਾਰ ਦੇ ਵਕੀਲ ਵੱਲੋਂ ਦਲੀਲਾਂ ਲਈ ਹੋਰ ਸਮਾਂ ਮੰਗਣ ਮਗਰੋਂ ਜੱਜ ਨੇ ਕੇਸ ਦੀ ਅਗਲੀ ਸੁਣਵਾਈ 21 ਫਰਵਰੀ ਲਈ ਮੁਲਤਵੀ ਕਰ ਦਿੱਤੀ।

ਉਧਰ ਸ਼ਿਕਾਇਤਕਰਤਾ ਵੱਲੋਂ ਪੇਸ਼ ਸੀਨੀਅਰ ਵਕੀਲ ਐੱਚ.ਐੱਸ.ਫੂਲਕਾ ਨੇ ਇਸਤਗਾਸਾ ਧਿਰ ਦੀ ਕੁਮਾਰ ਲਈ ਮੌਤ ਦੀ ਸਜ਼ਾ ਦੀ ਮੰਗ ਦੀ ਹਮਾਇਤ ਕੀਤੀ ਤੇ ਜਿਰ੍ਹਾ ਲਈ ਸਮਾਂ ਮੰਗਿਆ। ਕੁਮਾਰ ਇਸ ਵੇਲੇ ਤਿਹਾੜ ਦੀ ਜੇਲ੍ਹ ਵਿਚ ਬੰਦ ਹੈ।

ਜਸਵੰਤ ਸਿੰਘ ਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੀ 1 ਨਵੰਬਰ 1984 ਨੂੰ ਹੱਤਿਆ ਕੀਤੀ ਗਈ ਸੀ। ਸ਼ੁਰੂਆਤ ਵਿਚ ਪੰਜਾਬੀ ਬਾਗ ਪੁਲੀਸ ਥਾਣੇ ਨੇ ਕੇਸ ਦਰਜ ਕੀਤਾ ਸੀ, ਪਰ ਮਗਰੋਂ ਵਿਸ਼ੇਸ਼ ਜਾਂਚ ਟੀਮ ਨੇ ਜਾਂਚ ਸੰਭਾਲ ਲਈ।

ਅਦਾਲਤ ਨੇ 16 ਦਸੰਬਰ, 2021 ਨੂੰ ਕੁਮਾਰ ਵਿਰੁੱਧ ਦੋਸ਼ ਤੈਅ ਕੀਤੇ ਸਨ। ਇਸਤਗਾਸਾ ਧਿਰ ਨੇ ਦੋਸ਼ ਲਗਾਇਆ ਹੈ ਕਿ ਘਾਤਕ ਹਥਿਆਰਾਂ ਨਾਲ ਲੈਸ ਇੱਕ ਵੱਡੇ ਹਜੂਮ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦਾ ਬਦਲਾ ਲੈਣ ਲਈ ਸਿੱਖਾਂ ਦੀਆਂ ਜਾਇਦਾਦਾਂ ਨੂੰ ਵੱਡੇ ਪੱਧਰ ’ਤੇ ਲੁੱਟਿਆ ਤੇ ਅੱਗਜ਼ਨੀ ਕੀਤੀ। ਇਸਤਗਾਸਾ ਧਿਰ ਨੇ ਦਾਅਵਾ ਕੀਤਾ ਕਿ ਭੀੜ ਨੇ ਸ਼ਿਕਾਇਤਕਰਤਾ, ਜੋ ਕਿ ਜਸਵੰਤ ਦੀ ਪਤਨੀ ਹੈ, ਦੇ ਘਰ ’ਤੇ ਹਮਲਾ ਕੀਤਾ। ਸਾਮਾਨ ਲੁੱਟਿਆ ਅਤੇ ਉਨ੍ਹਾਂ ਦੇ ਘਰ ਨੂੰ ਅੱਗ ਲਗਾਉਣ ਤੋਂ ਇਲਾਵਾ ਪਿਉ ਪੁੱਤ ਦੀ ਹੱਤਿਆ ਕਰ ਦਿੱਤੀ।

# ਇੰਗਲੈਂਡ 'ਚ ਪੰਜਾਬੀ ਨੌਜਵਾਨ ਦੀ ਮੌਤ

## ਪਿਛਲੇ ਕਰੀਬ ਡੇਢ ਸਾਲ ਤੋਂ ਸ਼ਹਿਰ ਹੈਡਰਸਫੀਲਡ 'ਚ ਰਹਿ ਰਿਹਾ ਸੀ ਨੌਜਵਾਨ



ਇੰਗਲੈਂਡ ਤੋਂ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਇਥੇ ਪੰਜਾਬੀ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਹਿਚਾਣ ਹਰਮਨਜੋਤ ਸਿੰਘ ਪੁੱਤਰ ਸਵਰਗੀ ਕੁਲਵੰਤ ਸਿੰਘ ਵਜੋਂ ਹੋਈ ਹੈ। ਜੋ ਕਿ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਲੱਖਣ ਕੇ ਪੱਡਾ ਨਾਲ ਸਬੰਧਿਤ ਸੀ।

ਪ੍ਰਾਪਤ ਜਾਣਕਾਰੀ ਅਨੁਸਾਰ ਉਕਤ ਨੌਜਵਾਨ ਪਿਛਲੇ ਲਗਪਗ ਡੇਢ ਸਾਲ ਤੋਂ ਇੰਗਲੈਂਡ ਦੇ ਸ਼ਹਿਰ ਹੈਡਰਸਫੀਲਡ 'ਚ ਰਹਿੰਦਾ ਸੀ ਤੇ ਦੱਸ ਦਿਨ ਪਹਿਲਾਂ ਉਕਤ ਨੌਜਵਾਨ ਉੱਥੇ ਰਹਿੰਦੇ ਪਛਾਣ ਵਾਲਿਆਂ ਨੂੰ ਸ਼ੱਕੀ ਹਾਲਤ ਵਿੱਚ ਜ਼ਖ਼ਮੀ ਮਿਲਿਆ ਤੇ ਉਨ੍ਹਾਂ ਵੱਲੋਂ ਸਥਾਨਕ ਪੁਲਿਸ ਦੀ ਸਹਾਇਤਾ ਨਾਲ ਹਰਮਨਜੋਤ ਨੂੰ ਨਿੱਜੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਪਰ ਬੀਤੇ ਦਿਨ ਉਸ ਦੀ ਮੌਤ ਹੋ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਹੁਣ ਪਰਿਵਾਰ 'ਚ ਇਕੱਲੀ ਉਸ ਦੀ ਮਾਤਾ ਕੁਲਬੀਰ ਕੌਰ ਤੇ ਉਸ ਦੀ ਵੱਡੀ ਭੈਣ ਜੋ ਕਿ ਕੈਨੇਡਾ ਵਿੱਚ ਰਹਿੰਦੀ ਹੈ, ਰਹਿ ਗਏ ਹਨ। ਮ੍ਰਿਤਕ ਦੀ ਮਾਂ ਨੇ ਸ਼ੱਕ ਪ੍ਰਗਟਾਇਆ ਹੈ ਕਿ ਹਰਮਨਜੋਤ ਦੀ ਮੌਤ ਮਗਰ ਕੋਈ ਡੂੰਘੀ ਸਾਜਿਸ਼ ਹੈ ਤੇ ਉਸ ਦੇ ਪੁੱਤ ਦੇ ਮੌਤ ਦੇ ਕਾਰਨਾਂ ਦੀ ਜਾਂਚ ਹੋਣੀ ਚਾਹੀਦੀ ਹੈ ਅਤੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਭਾਰਤ ਤੇ ਪੰਜਾਬ ਸਰਕਾਰ ਕੋਲੋਂ ਉਨ੍ਹਾਂ ਦੇ ਪੁੱਤਰ ਦੀ ਮ੍ਰਿਤਕ ਦੇਹ ਭਾਰਤ ਲਿਆਉਣ 'ਚ ਮਦਦ ਦੀ ਮੰਗ ਕੀਤੀ ਹੈ ਤਾਂ ਜੋ ਉਹ ਆਪਣੇ ਪੁੱਤਰ ਦੀਆਂ ਅੰਤਿਮ ਰਸਮਾਂ ਕਰ ਸਕਣ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr. Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
100% NATURAL PRODUCT
PRODUCT OF CANADA
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim
- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.
Guaranteed issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਈਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ... with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
✓ PURCHASES
✓ REFINANCES
✓ RENEWALS
✓ DEBT CONSOLIDATION
✓ SELF-EMPLOYED
✓ NEW TO CANADA
✓ HOME RENOVATIONS
✓ PRIVATE MORTGAGE
✓ INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

# ਅਮਰੀਕਾ ਵੱਲੋਂ ਡਿਪੋਰਟੀਆਂ 'ਤੇ ਕੀਤਾ ਜਾ ਰਿਹਾ ਗ਼ੈਰ-ਮਨੁੱਖੀ ਤਸ਼ੱਦਦ

## PM ਮੋਦੀ ਇਸ ਮੁੱਦੇ ਨੂੰ ਅਮਰੀਕਾ ਕੋਲ ਉਠਾਉਣ ਦੀ ਹਿੰਮਤ ਨਹੀਂ ਕਰ ਸਕੇ : ਧਾਲੀਵਾਲ



ਅੰਮ੍ਰਿਤਸਰ : ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪ੍ਰਵਾਸੀ ਮਾਮਲਿਆਂ ਬਾਰੇ ਅਮਰੀਕਾ ਤੋਂ ਡਿਪੋਰਟ ਹੋ ਰਹੇ ਪੰਜਾਬੀਆਂ ਦੇ ਮੁੱਦੇ 'ਤੇ ਬੋਲਦੇ ਕਿਹਾ ਕਿ ਅਮਰੀਕਾ ਲਗਾਤਾਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰ ਰਿਹਾ ਹੈ ਪਰ ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਮੁੱਦੇ ਉੱਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਗੱਲ ਕਰਨ ਦੀ ਹਿੰਮਤ ਹੀ ਨਹੀਂ ਕਰ ਸਕੇ। ਬੀਤੇ ਦਿਨ ਡਿਪੋਰਟ ਹੋਏ ਵਿਅਕਤੀਆਂ ਵੱਲੋਂ ਇਹ ਦੱਸੇ ਜਾਣ ਕੇ ਜਹਾਜ਼ ਵਿਚ ਚੜਣ ਮੌਕੇ ਅਮਰੀਕਾ ਪੁਲਿਸ ਦੇ ਉਨ੍ਹਾਂ ਦੀਆਂ ਪੱਗਾਂ ਵੀ ਲੁਹਾ ਲਈਆਂ ਤੇ ਹੱਥ ਘੜੀਆਂ ਤੇ ਬੇੜੀਆਂ 'ਚ ਜਕੜ ਕੇ ਲਿਆਂਦਾ ਬਾਰੇ ਬੋਲਦੇ ਧਾਲੀਵਾਲ ਨੇ ਕਿਹਾ ਕਿ ਅਮਰੀਕਾ ਵੱਲੋਂ ਇਨ੍ਹਾਂ ਵਿਅਕਤੀਆਂ 'ਤੇ ਕੀਤਾ ਜਾ ਰਿਹਾ ਇਹ ਗ਼ੈਰ-ਮਨੁੱਖੀ ਤਸ਼ੱਦਦ ਹੈ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ।

ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਜੋ ਕਿ ਕੁਝ ਦਿਨ ਪਹਿਲਾਂ ਹੀ ਰਾਸ਼ਟਰਪਤੀ ਟਰੰਪ ਨਾਲ ਗੱਲਬਾਤ ਕਰਕੇ ਆਏ ਹਨ, ਉਨ੍ਹਾਂ ਨੇ ਉੱਥੇ ਰਹਿ ਰਹੇ ਭਾਰਤੀਆਂ ਦੇ ਮੁੱਦੇ ਉੱਤੇ ਟਰੰਪ ਨਾਲ ਗੱਲ ਤੱਕ ਨਹੀਂ ਕੀਤੀ, ਜਦ ਕਿ ਉਹ ਟਰੰਪ ਨੂੰ ਆਪਣਾ ਜਿਗਰੀ ਦੋਸਤ ਦੱਸਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦੀ ਵਿਦੇਸ਼ ਨੀਤੀ ਫੇਲ੍ਹ ਸਾਬਤ ਹੋਈ ਹੈ ਤੇ ਸਾਡੇ ਵੱਲੋਂ ਲਗਾਤਾਰ ਇਹ ਮੁੱਦਾ ਉਠਾਉਣ ਅਤੇ ਮੀਡੀਏ ਵਿਚ ਆਈਆਂ ਖ਼ਬਰਾਂ ਨੂੰ ਅਣਸੁਣਾ ਕਰਦੇ ਹੋਏ ਕੇਂਦਰ ਸਰਕਾਰ ਦਾ ਵਿਦੇਸ਼ ਵਿਭਾਗ ਅਮਰੀਕਾ ਕੋਲ ਆਪਣੇ ਦੇਸ਼ ਵਾਸੀਆਂ ਦੇ ਮੁੱਦੇ 'ਤੇ ਗੱਲ ਹੀ ਨਹੀਂ ਕਰ ਸਕਿਆ। ਉਨ੍ਹਾਂ ਕਿਹਾ ਕਿ ਇਹ ਗ਼ੈਰ ਕਾਨੂੰਨੀ ਤੌਰ 'ਤੇ ਰਹਿ ਰਹੇ ਵਿਅਕਤੀ ਜੇਕਰ ਵਾਪਸ ਲਿਆਉਣੇ ਹੀ ਪੈਂਦੇ ਸਨ ਤਾਂ ਇਨ੍ਹਾਂ ਨੂੰ ਭਾਰਤ ਸਰਕਾਰ ਆਪਣੇ ਜਹਾਜ਼ਾਂ 'ਤੇ ਵੀ ਲਿਆ ਸਕਦੀ ਸੀ ਨਾ ਕਿ ਅਮਰੀਕਾ ਦੇ ਫ਼ੌਜੀ ਜਹਾਜ਼ਾਂ ਰਾਹੀਂ ਡਿਪੋਰਟ ਕਰਕੇ ਦੇਸ਼ ਵਿਚ ਦਹਿਸ਼ਤ ਪਾਉਣ ਦੀ ਕੋਈ ਲੋੜ ਸੀ।

# ਬਠਿੰਡਾ 'ਚ ਵੱਡੀ ਵਾਰਦਾਤ

## ਕੁੱਟ-ਕੁੱਟ ਕੇ ਨੌਜਵਾਨ ਦਾ ਕੀਤਾ ਕਤਲ

ਤਲਵੰਡੀ ਸਾਬੋ ਵਿੱਚ ਇੱਕ ਨੌਜਵਾਨ ਦਾ ਕੁੱਟ- ਕੁੱਟ ਕੇ ਕਤਲ ਕਰ ਦਿੱਤਾ ਗਿਆ। ਇਸ ਨਾਲ ਇਲਾਕੇ ਵਿੱਚ ਸਨਸਨੀ ਫੈਲ ਗਈ ਹੈ। ਮ੍ਰਿਤਕ ਦੀ ਪਛਾਣ ਦਰਸ਼ਨ ਸਿੰਘ ਪੁੱਤਰ ਪੁੱਤਰ ਸਿੰਘ ਵਾਸੀ ਬਾਂਦਰ ਪੱਤੀ ਪਿੰਡ ਭਾਗੀਵਾਂਦਰ ਵਜੋਂ ਹੋਈ ਹੈ। ਪੁਲਿਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

ਘਟਨਾ ਦੀ ਸੂਚਨਾ ਥਾਣਾ ਮੁਖੀ ਪਰਬਤ ਸਿੰਘ ਨੂੰ ਮਿਲੀ ਤਾਂ ਉਹ ਤੁਰੰਤ ਮੌਕੇ 'ਤੇ ਪੁੱਜੇ। ਲਾਸ਼ ਨੂੰ ਕਬਜ਼ੇ 'ਚ ਲੈ ਕੇ ਸਿਵਲ ਹਸਪਤਾਲ ਭੇਜ ਦਿੱਤਾ ਗਿਆ ਹੈ। ਡੀਐਸਪੀ ਰਾਜੇਸ਼ ਸਨੇਹੀ ਅਨੁਸਾਰ ਬੀਤੀ ਰਾਤ ਐਸਐਚਓ ਜਸਕੌਰ ਸਿੰਘ ਨੂੰ ਸੂਚਨਾ ਮਿਲੀ ਸੀ ਕਿ ਪਿੰਡ ਜੀਵਨ ਸਿੰਘ ਵਾਲਾ ਨੇੜੇ ਸੜਕ 'ਤੇ ਇੱਕ ਮੋਟਰਸਾਈਕਲ ਪਿਆ ਹੈ। ਘਟਨਾ ਕਾਰਨ ਆਸ-ਪਾਸ ਦੇ ਪਿੰਡਾਂ ਵਿੱਚ ਦਹਿਸ਼ਤ ਦਾ ਮਾਹੌਲ ਹੈ। ਪੰਜਾਬ ਵਿੱਚ ਵੱਧ ਰਹੀਆਂ ਕਤਲਾਂ ਦੀਆਂ ਘਟਨਾਵਾਂ ਨੇ ਲੋਕਾਂ ਦੀ ਚਿੰਤਾ ਵਧਾ ਦਿੱਤੀ ਹੈ।

# ਅਮਰੀਕਾ: ਸੜਕ ਹਾਦਸੇ 'ਚ ਹਰਮਨਜੀਤ ਸਿੰਘ ਹਲਾਕ



ਰੂਪਨਗਰ : ਅਮਰੀਕਾ ਵਿਚ ਹੋਏ ਇੱਕ ਸੜਕ ਹਾਦਸੇ ਵਿਚ ਪ੍ਰੈੱਸ ਕਲੱਬ ਰੂਪਨਗਰ ਦੇ ਜਨਰਲ ਸਕੱਤਰ ਤੇ ਖੈਰਾਬਾਦ ਪ੍ਰਿੰਟਿੰਗ ਪ੍ਰੈੱਸ ਦੇ ਮਾਲਕ ਤੇਜਿੰਦਰ ਸਿੰਘ ਸੈਣੀ ਦੇ ਬੇਟੇ ਹਰਮਨਜੀਤ ਸਿੰਘ ਦੀ ਮੌਤ ਹੋ ਗਈ ਹੈ। ਜਾਣਕਾਰੀ ਅਨੁਸਾਰ ਹਰਮਨਜੀਤ ਸਿੰਘ ਕੈਨੇਡਾ ਵਿਚ ਟਰਾਲਾ ਚਲਾਉਂਦਾ ਸੀ ਤੇ ਅਮਰੀਕਾ ਜਾ ਰਿਹਾ ਸੀ ਕਿ ਇੱਕ ਸੁਰੰਗ ਵਿਚ ਹਾਦਸਾ ਵਾਪਰ ਗਿਆ ਤੇ ਹਰਮਨਜੀਤ ਸਿੰਘ ਦੀ ਮੌਤ ਹੋ ਗਈ।

ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਰੂਪਨਗਰ ਪ੍ਰੈਸ ਕਲੱਬ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੇ ਦੁੱਖ ਦਾ ਪ੍ਰਗਟਾਵਾਂ ਕੀਤਾ ਹੈ। ਇਸ ਤੋਂ ਇਲਾਵਾ ਕੌਮੀ ਘੱਟ ਗਿਣਤੀ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸਾਬਕਾ ਸਪੀਕਰ ਰਾਣਾ ਕੇਪੀ ਸਿੰਘ, ਵਿਧਾਇਕ ਦਿਨੇਸ਼ ਚੱਢਾ, ਵਿਧਾਇਕ ਡਾ. ਚਰਨਜੀਤ ਸਿੰਘ, ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ, ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਸੁਖਵਿੰਦਰ ਸਿੰਘ ਵਿਸਕੀ, ਕਾਂਗਰਸ ਜ਼ਿਲ੍ਹਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਹ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਪ੍ਰਮਾਤਮਾ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਫ਼ਰੀਦਕੋਟ 'ਚ ਵਾਪਰਿਆ ਵੱਡਾ ਹਾਦਸਾ

## ਸਵਾਰੀਆਂ ਨਾਲ ਭਰੀ ਬੱਸ ਨਾਲੇ 'ਚ ਡਿੱਗੀ, 6 ਲੋਕਾਂ ਦੀ ਮੌਤ





ਫਰੀਦਕੋਟ: ਪੰਜਾਬ ਦੇ ਫਰੀਦਕੋਟ ਵਿੱਚ ਅੱਜ ਸਵੇਰੇ ਇੱਕ ਭਿਆਨਕ ਹਾਦਸਾ ਵਾਪਰਿਆ ਹੈ। ਬੱਸ ਅਤੇ ਸਵਾਰੀਆਂ ਨਾਲ ਭਰੇ ਟਰੱਕ ਵਿਚਾਲੇ ਜ਼ਬਰਦਸਤ ਟੱਕਰ ਹੋ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਟਰੱਕ ਇੱਕ ਪਾਸੇ ਪਲਟ ਗਿਆ ਅਤੇ ਬੱਸ ਸਿੱਧੀ ਨਾਲੇ ਵਿੱਚ ਜਾ ਡਿੱਗੀ। ਇਸ ਹਾਦਸੇ 'ਚ 6 ਲੋਕਾਂ ਦੀ ਮੌਤ ਅਤੇ ਕਈ ਲੋਕ ਜ਼ਖਮੀ ਹੋ ਗਏ ਹਨ।

ਫਿਲਹਾਲ ਜ਼ਖਮੀਆਂ ਨੂੰ ਇਲਾਜ ਲਈ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਦਾਖਲ ਕਰਵਾਇਆ ਗਿਆ ਹੈ। ਇਹ ਹਾਦਸਾ ਫਰੀਦਕੋਟ ਦੇ ਕੋਟਕਪੂਰਾ ਰੋਡ 'ਤੇ ਵਾਪਰਿਆ ਹੈ। ਇੱਥੇ ਸ਼ਾਹੀ ਮਹਿਲ ਨੇੜੇ ਸੇਮ ਨਾਲਾ ਪੁਲ 'ਤੇ ਟਰੱਕ ਅਤੇ ਬੱਸ ਵਿਚਾਲੇ ਜ਼ਬਰਦਸਤ ਟੱਕਰ ਹੋ ਗਈ। ਇਸ ਤੋਂ ਬਾਅਦ ਬੱਸ ਨਾਲੇ ਵਿੱਚ ਡਿੱਗ ਗਈ। ਇਹ ਬੱਸ ਨਿਊ ਦੀਪ ਕੰਪਨੀ ਦੀ ਸੀ ਅਤੇ ਇਸ ਵਿੱਚ ਬਹੁਤ ਸਾਰੇ ਯਾਤਰੀ ਸਵਾਰ ਸਨ। ਫਿਲਹਾਲ ਘਟਨਾ ਵਾਲੀ ਥਾਂ 'ਤੇ ਰਾਹਤ ਕਾਰਜ ਜਾਰੀ ਹੈ ਅਤੇ ਬੱਸ 'ਚੋਂ ਲੋਕਾਂ ਨੂੰ ਕੱਢਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜ਼ਖਮੀਆਂ ਨੂੰ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਜਾ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਹਾਦਸੇ 'ਚ 6 ਲੋਕਾਂ ਦੀ ਮੌਤ ਹੋ ਗਈ ਹੈ। ਹਾਦਸੇ ਦੀ ਸੂਚਨਾ ਮਿਲਦੇ ਹੀ ਡੀਸੀ ਅਤੇ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ। SSP ਵੱਲੋਂ 6 ਲੋਕਾਂ ਦੀ ਮੌਤ ਦੀ ਪੁਸ਼ਟੀ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਮ੍ਰਿਤਰਾਂ ਵਿਚ ਇਕ ਬੱਚਾ ਵੀ ਸ਼ਾਮਲ ਹੈ। ਸਥਾਨਕ ਲੋਕਾਂ ਅਨੁਸਾਰ ਕਈ ਲੋਕਾਂ ਦੀ ਹਾਲਤ ਗੰਭੀਰ ਹੈ।

# ਡੌਂਕੀ ਰਾਹੀਂ ਅਮਰੀਕਾ ਭੇਜਣ ਦੇ ਮਾਮਲੇ 'ਚ ਪੰਜਾਬ ਪੁਲਿਸ ਦਾ ਵੱਡਾ ਐਕਸ਼ਨ

## ਕਿਸਾਨ ਆਗੂ ਸੁਖਵਿੰਦਰ ਸਿੰਘ 'ਤੇ FIR ਦਰਜ





ਅਮਰੀਕਾ ਵੱਲੋਂ ਹੁਣ ਤੱਕ ਤਿੰਨ ਜਹਾਜ਼ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਭੇਜੇ ਜਾ ਚੁੱਕੇ ਹਨ। ਇਨ੍ਹਾਂ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਵੀ ਸ਼ਾਮਲ ਹਨ। ਜਦੋਂ ਇਹ ਨੌਜਵਾਨ ਅਮਰੀਕਾ ਤੋਂ ਡਿਪੋਰਟ ਹੋ ਕੇ ਪੰਜਾਬ ਪਹੁੰਚੇ ਸਨ ਤਾਂ ਪੰਜਾਬ ਸਰਕਾਰ ਨੇ ਇਨ੍ਹਾਂ ਨੌਜਵਾਨਾਂ ਨੂੰ ਭਰੋਸਾ ਦਿੱਤਾ ਸੀ ਕਿ ਜਿਹੜੇ ਏਜੰਟਾਂ ਵੱਲੋਂ ਇਨ੍ਹਾਂ ਨੂੰ ਗਲਤ ਤਰੀਕੇ ਨਾਲ ਵਿਦੇਸ਼ ਭੇਜਿਆ ਗਿਆ ਹੈ, ਹੁਣ ਉਨ੍ਹਾਂ 'ਤੇ ਨਕੇਲ ਕੱਸੀ ਜਾਵੇਗੀ ਤੇ ਕਿਸੇ ਵੀ ਕੀਮਤ ਉਤੇ ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

ਅਜਿਹੇ ਵਿਚ ਜਦੋਂ ਨੌਜਵਾਨ ਪੰਜਾਬ ਪਹੁੰਚੇ ਤਾਂ ਪੰਜਾਬ ਸਰਕਾਰ ਵੀ ਸਖਤ ਹੁੰਦੀ ਦਿਖਾਈ ਦਿੱਤੀ। ਇਸੇ ਤਹਿਤ ਪੰਜਾਬ ਪੁਲਿਸ ਵੱਲੋਂ ਵੱਡਾ ਐਕਸ਼ਨ ਲਿਆ ਗਿਆ ਹੈ। ਅਮਰੀਕਾ ਤੋਂ ਡਿਪੋਰਟ ਹੋਏ ਧਰਮਕੋਟ ਦੇ ਪਿੰਡ ਪੰਡੋਰੀ ਅਰਾਈਆਂ ਦੇ ਜਸਵਿੰਦਰ ਸਿੰਘ ਨਾਲ ਠੱਗੀ ਮਾਨ ਵਾਲੇ ਸੁਖਵਿੰਦਰ ਸਿੰਘ ਸੁੱਖ ਗਿੱਲ ਤੇ ਉਸ ਦੀ ਮਾਤਾ ਸਣੇ 4 ਜਣਿਆਂ 'ਤੇ ਮੋਗਾ ਦੀ ਧਰਮਕੋਟ ਪੁਲਿਸ ਨੇ ਮਾਮਲਾ ਦਰਜ ਕੀਤਾ ਹੈ।

ਦੱਸ ਦੇਈਏ ਕਿ ਸੁਖਵਿੰਦਰ ਸਿੰਘ ਗਿੱਲ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਦਾ ਸੂਬਾ ਪ੍ਰਧਾਨ ਹੈ ਤੇ ਪੁਲਿਸ ਵੱਲੋਂ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਨੇ ਪਹਿਲਾਂ ਹੀ ਸਖਤੀ ਦੇ ਨਾਲ ਚੇਤਾਵਨੀ ਦਿੱਤੀ ਸੀ ਕਿ ਜਿਹੜੇ ਏਜੰਟਾਂ ਨੇ ਨੌਜਵਾਨਾਂ ਨੂੰ ਠੱਗਿਆ ਹੈ ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾਵੇਗੀ।

# ਪਠਾਨਕੋਟ ਰੋਡ ਹਾਈਵੇਅ 'ਤੇ ਵਾਪਰਿਆ ਹਾਦਸਾ

## 3 ਗੱਡੀਆਂ ਦੀ ਹੋਈ ਟੱਕਰ, 2 ਲੋਕਾਂ ਦੀ ਗਈ ਜਾਨ, 8 ਜ਼ਖਮੀ

ਜਲੰਧਰ ਦੇ ਪਠਾਨਕੋਟ ਰੋਡ ਹਾਈਵੇ 'ਤੇ 3 ਵਾਹਨਾਂ ਦੀ ਆਪਸ 'ਚ ਟੱਕਰ ਹੋਣ ਦੀ ਗੰਭੀਰ ਘਟਨਾ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਵਿਫਟ ਡਿਜ਼ਾਇਰ ਆਈ-20 ਅਤੇ ਬਿਜਲੀ ਵਿਭਾਗ ਦੇ ਡਿਪਟੀ ਚੀਫ਼ ਦੀ ਕਾਰ ਵਿਚਕਾਰ ਟੱਕਰ ਹੋ ਗਈ। ਹਾਦਸੇ 'ਚ ਵਾਹਨਾਂ ਦੇ ਪਰਖੱਚੇ ਉੱਡ ਗਏ। ਦੱਸਿਆ ਜਾ ਰਿਹਾ ਹੈ ਕਿ ਸਵਿਫਟ ਡਿਜ਼ਾਇਰ ਗੱਡੀ ਜਲੰਧਰ ਤੋਂ ਮੁਕੇਰੀਆਂ ਜਾ ਰਹੀ ਸੀ, ਜਿਸ 'ਚ 4 ਲੋਕ ਸਵਾਰ ਸਨ। ਕਾਰ ਵਿੱਚ 2 ਲੜਕੀਆਂ ਅਤੇ 2 ਲੜਕੇ ਸਵਾਰ ਸਨ। ਮੌਕੇ 'ਤੇ ਮੌਜੂਦ ਰਾਹਗੀਰਾਂ ਅਨੁਸਾਰ ਤੇਜ਼ ਰਫ਼ਤਾਰ ਕਾਰਨ ਗੱਡੀ ਕੰਟਰੋਲ ਤੋਂ ਬਾਹਰ ਹੋ ਗਈ ਅਤੇ ਡਿਵਾਈਡਰ ਰਾਹੀਂ ਕਿਸੇ ਹੋਰ ਸੜਕ 'ਤੇ ਪਹੁੰਚ ਗਈ। ਇਸ ਦੌਰਾਨ ਦੂਜੇ ਪਾਸੇ ਤੋਂ ਆ ਰਹੀ ਆਈ-20 ਗੱਡੀ ਨਾਲ ਟੱਕਰ ਹੋ ਗਈ। ਉਸ ਗੱਡੀ ਵਿੱਚ 4 ਵਿਅਕਤੀ ਵੀ ਸਵਾਰ ਸਨ ਅਤੇ ਉਹ ਕਿਸ਼ਨਗੜ੍ਹ ਵਿੱਚ ਕਿਸੇ ਰਿਸ਼ਤੇਦਾਰ ਨੂੰ ਮਿਲਣ ਲਈ ਲੁਧਿਆਣਾ ਜਾ ਰਹੇ ਸਨ। ਇਸ ਹਾਦਸੇ 'ਚ 8 ਲੋਕ ਜ਼ਖਮੀ ਹੋ ਗਏ। ਹਾਦਸਾ ਇੰਨਾ ਭਿਆਨਕ ਸੀ ਕਿ ਹਾਦਸੇ 'ਚ ਵਾਹਨਾਂ ਦੇ ਪਰਖੱਚੇ ਉੱਡ ਗਏ। ਦੱਸਿਆ ਜਾ ਰਿਹਾ ਹੈ ਕਿ ਇਸ ਘਟਨਾ 'ਚ 2 ਲੋਕਾਂ ਦੀ ਮੌਤ ਹੋ ਗਈ। ਦੋਵੇਂ ਵਾਹਨ ਪਿੱਛੇ ਤੋਂ ਬਿਜਲੀ ਵਿਭਾਗ ਦੇ ਡਿਪਟੀ ਚੀਫ਼ ਦੀ ਕਾਰ ਨਾਲ ਟਕਰਾ ਗਏ। ਇਸ ਹਾਦਸੇ ਵਿੱਚ ਡਿਪਟੀ ਚੀਫ਼ ਦੀ ਕਾਰ ਵੀ ਨੁਕਸਾਨੀ ਗਈ। ਖੁਸ਼ਕਿਸਮਤੀ ਰਹੀ ਕਿ ਡਿਪਟੀ ਚੀਫ਼ ਇਸ ਹਾਦਸੇ ਵਿੱਚ ਵਾਲ-ਵਾਲ ਬਚ ਗਏ। ਘਟਨਾ ਦੀ ਸੂਚਨਾ ਮਿਲਦੇ ਹੀ ਸੜਕ ਸੁਰੱਖਿਆ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ 'ਚ ਭਰਤੀ ਕਰਵਾਇਆ ਗਿਆ।

# ਵਿਦੇਸ਼ਾਂ ਤੋਂ ਡਿਪੋਰਟ ਹੋ ਕੇ ਆ ਰਹੇ ਨੌਜਵਾਨ ਰੋਜ਼ਗਾਰ ਸਥਾਪਿਤ ਕਰਨ ਲਈ ਇਹਨਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ



ਚੰਡੀਗੜ੍ਹ: ਪੰਜਾਬ ਪਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ) ਦੇ ਚੇਅਰਮੈਨ ਸੰਦੀਪ ਸੈਣੀ ਨੇ ਵਿਦੇਸ਼ਾਂ ਤੋਂ ਡਿਪੋਰਟ ਹੋ ਕੇ ਆ ਰਹੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਬੈਕਫਿੰਕੋ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਅਧੀਨ ਘੱਟ ਵਿਆਜ ਦੀ ਦਰ ਤੇ ਕਰਜਾ ਪ੍ਰਾਪਤ ਕਰਕੇ ਆਪਣਾ ਰੋਜਗਾਰ ਸਥਾਪਿਤ ਕਰਨ। ਸੈਣੀ ਨੇ ਅਮਰੀਕਾ ਤੋਂ ਡਿਪੋਰਟ ਕੀਤੇ ਨੌਜਵਾਨਾਂ ਨੂੰ ਹੱਥਕੜੀਆ ਲਗਾ ਕੇ ਵਾਪਿਸ ਭੇਜਣ ਅਤੇ ਜਹਾਜ਼ ਨੂੰ ਪੰਜਾਬ ਵਿੱਚ ਉਤਾਰਣ ਦੀ ਵੀ ਨਿਖੇਧੀ ਕੀਤੀ।

ਇਥੇ ਜਾਰੀ ਪ੍ਰੈਸ ਬਿਆਨ ਰਾਹੀਂ ਸੰਦੀਪ ਸੈਣੀ ਨੇ ਕਿਹਾ ਕਿ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਦੀ ਅਗਵਾਈ ਹੇਠ ਪੰਜਾਬ ਪਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ) ਵੱਲੋਂ ਪੰਜਾਬ ਰਾਜ ਦੀਆਂ ਪੱਛੜੀਆਂ ਸ੍ਰੇਣੀਆਂ, ਆਰਥਿਕ ਤੌਰ ਤੇ ਕੰਮਜੋਰ ਵਰਗ, ਅਤੇ ਘੱਟ ਗਿਣਤੀ ਵਰਗ (ਸਿੱਖ, ਮੁਸਲਮਾਨ, ਬੋਧੀ, ਜੈਣੀ ਆਦਿ) ਦੇ ਵਿਅਕਤੀਆਂ ਦਾ ਆਰਥਿਕ ਮਿਆਰ ਉੱਚਾ ਚੁੱਕਣ ਦੇ ਮਨੋਰਥ ਨਾਲ ਸਵੈ-ਰੁਜਗਾਰ ਸਕੀਮਾਂ ਲਈ ਘੱਟ ਵਿਆਜ ਦੀ ਦਰ ਤੇ ਕਰਜੇ ਮੁਹੱਇਆ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਿਦੇਸ਼ ਜਾਣ ਨੂੰ ਤਰਜੀਹ ਦੇਣ ਦੀ ਜਗ੍ਹਾਂ ਨੌਜਵਾਨ ਆਪਣਾ ਰੋਜ਼ਗਾਰ ਸਥਾਪਤ ਕਰਨ ਲਈ ਬੈਕਫਿੰਕੋ ਦੇ ਸਮੂਹ ਜਿਲ੍ਹਿਆਂ ਵਿੱਚ ਸਥਿਤ ਫੀਲਡ ਦਫਤਰਾਂ ਨਾਲ ਸੰਪਰਕ ਕਰ ਸਕਦੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜਗਾਰ ਦੇ ਮੌਕੇ ਮੁਹੱਈਆ ਕਰਵਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦਾ ਜਿਕਰ ਕਰਦਿਆਂ, ਸੰਦੀਪ ਸੈਣੀ ਨੇ ਕਿਹਾ ਕਿ ਬੀਤੇ 3 ਸਾਲਾਂ ਦੌਰਾਨ ਨੌਜਵਾਨਾਂ ਨੂੰ 50 ਹਜਾਰ ਤੋਂ ਵਧੇਰੇ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਸਰਕਾਰ ਵੱਲੋਂ ਹਜਾਰਾਂ ਹੋਰ ਨੌਕਰੀਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਦੂਸਰੇ ਪਾਸੇ ਕੇਂਦਰ ਸਰਕਾਰ ਡਿਪੋਰਟ ਹੋ ਕੇ ਆ ਰਹੇ ਨੌਜਵਾਨਾਂ, ਜਿੰਨ੍ਹਾਂ ਵਿੱਚ ਦੂਸਰੇ ਰਾਜਾਂ ਗੁਜਰਾਤ, ਹਰਿਆਣਾ ਆਦਿ ਦੇ ਵੀ ਨੌਜਵਾਨ ਹਨ, ਨੂੰ ਪੰਜਾਬ ਵਿੱਚ ਉਤਾਰ ਕੇ ਪੰਜਾਬ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

GTA Plumbing & Electrical Supplies
GTA Plumbling & Electrical Supplies
ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
ਨਸ਼ਾ ਛੁਡਾਓ
STOP
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁੜਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫਲ ਇਲਾਜ
ਚਮੜੀ ਦੇ ਰੋਗਾਂ ਦਾ ਸਫਲ ਇਲਾਜ
ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝਫਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

ASK Mortgage Ltd.
Business Loan
Credit Line
Truck/Taxi Loan
New Immigrant Package
416-366-1234
Jaswinder Khosa
416-894-9400
1332 Khalsa Drive Unit 12

# ਰਾਸ਼ੀਫਲ

**ਮੇਖ :** ਅੱਜ ਸਵਾਰਥੀ ਆਦਮੀ ਤੋਂ ਬਚਣ ਦੀ ਕੋਸ਼ਿਸ਼ ਕਰੋ ਉਹ ਤੁਹਾਨੂੰ ਤਨਾਵ ਦੇ ਸਕਦਾ ਹੈ। ਦਿਨ ਦੀ ਸ਼ੁਰੂਆਤ ਵਿਚ ਹੀ ਅੱਜ ਤੁਹਾਨੂੰ ਕੋਈ ਆਰਥਿਕ ਹਾਨੀ ਹੋ ਸਕਦੀ ਹੈ ਜਿਸ ਨਾਲ ਸਾਰਾ ਦਿਨ ਖਰਾਬ ਹੋ ਸਕਦਾ ਹੈ। ਬੱਚਿਆਂ ਨਾਲ ਜੁੜੀ ਸਮੱਸਿਆ ਦੇ ਸਮਾਧਾਨ ਲਈ ਥੋੜਾ ਸਮਾਂ ਅਲੱਗ ਤੋਂ ਕੱਢੋ। ਉਦਾਸ ਨਾ ਹੋਵੋ ਬਹੁਤੀਆਂ ਅਸਫਲਤਾਵਾਂ ਕੁਦਰਤੀ ਹੁੰਦੀਆਂ ਹਨ ਇਹ ਜ਼ਿੰਦਗੀ ਦੀ ਖੂਬਸੂਰਤੀ ਹੈ। ਭਲੇ ਹੀ ਛੋਟੀ ਮੋਟੀ ਔਕੜਾਂ ਦਾ ਸਾਹਮਣਾ ਕਰਨਾ ਪਵੇ ਪਰੰਤੂ ਕੁੱਲ ਮਿਲਾ ਕੇ ਇਹ ਦਿਨ ਕਈਂ ਉਪਲਬਧੀਆਂ ਦੇ ਸਕਦਾ ਹੈ ਉਨਾਂ ਸਹਿਕਰਮੀਆਂ ਦਾ ਖਾਸ ਧਿਆਨ ਰੱਖੋ ਜੋ ਉਮੀਦ ਦੇ ਮੁਤਾਬਿਕ ਚੀਜ ਨਾ ਮਿਲਣ ਤੇ ਜਲਦ ਹੀ ਬੁਰਾ ਮੰਨ ਲੈਂਦੇ ਹਨ। ਆਪਣੇ ਵਿਅਸਤ ਜੀਵਨ ਵਿਚੋਂ ਅੱਜ ਤੁਸੀ ਆਪਣੇ ਬੱਚਿਆਂ ਨਾਲ ਬਾਹਰ ਸਮਾਂ ਬਿਤਾਉਣਾ ਪਸੰਦ ਕਰੋਂਗੇ ਉਨਾਂ ਨਾਲ ਸਮਾਂ ਬਿਤਾਉਣਾ ਤੁਹਾਨੂੰ ਇਸ ਗੱਲ ਦਾ ਅਹਿਸਾਸ ਕਰਾਏਗਾ ਜੋ ਤੁਸੀ ਗਵਾ ਰਹੇ ਹੋ। ਅੱਜ ਜੀਵਨ ਸਾਥੀ ਦਾ ਵਿਵਹਾਰ ਤੁਹਾਡੇ ਖਾਸ ਰਿਸ਼ਤਿਆਂ ਤੇ ਗਲਤ ਅਸਰ ਪਾ ਸਕਦਾ ਹੈ।

**ਬ੍ਰਿਸ਼ਭ:** ਤੁਹਾਨੂੰ ਸਿਹਤ ਨਾਲ ਜੁੜੀ ਪਰੇਸ਼ਾਨੀਆਂ ਦੇ ਚਲਦੇ ਹਲਪਤਾਲ ਜਾਣਾ ਪੈ ਸਕਦਾ ਹੈ। ਅੱਜ ਦਾ ਦਿਨ ਅਜਿਹੀਆਂ ਚੀਜਾਂ ਨੂੰ ਖਰੀਦਣ ਲਈ ਵਧੀਆ ਹੈ ਜਿਨਾਂ ਦੀ ਕੀਮਤ ਅੱਗੇ ਜਾ ਕੇ ਵੱਧ ਸਕਦੀ ਹੈ। ਆਪਣੇ ਰਿਸ਼ਤੇਦਾਰਾਂ ਨਾਲ ਖਰਾਬ ਵਿਵਹਾਰ ਨਾ ਕਰੋ ਤੁਹਾਡੇ ਅਜਿਹਾ ਵਿਵਹਾਰ ਨਾ ਕੇਵਲ ਤੁਹਾਡੇ ਪਰਿਵਾਰ ਨੂੰ ਦੁਖੀ ਕਰ ਸਕਦਾ ਹੈ ਬਲਕਿ ਸੰਬੰਧਾਂ ਵਿਚ ਦੂਰੀ ਵੀ ਪੈਦਾ ਕਰ ਸਕਦਾ ਹੈ। ਅਜਿਹੇ ਕੱਪੜੇ ਨਾ ਪਾਵੋ ਜਿਹੜੇ ਤੁਹਾਡੇ ਪ੍ਰੇਮੀ ਨੂੰ ਪਸੰਦ ਨਹੀਂ ਕਿਉਂ ਕਿ ਇਹ ਉਸ ਨੂੰ ਨਾਰਾਜ਼ ਕਰ ਸਕਦਾ ਹੈ। ਮੁਸ਼ਕਿਲ ਮਾਮਲਿਆਂ ਦੇ ਚਾਰੋ ਤਰਫ ਤੋਂ ਬਚਣ ਦੇ ਲਈ ਤੁਹਾਨੂੰ ਆਪਣੇ ਸੰਪਰਕ ਉਪਯੋਗ ਕਰਨ ਦੀ ਲੋੜ ਹੈ। ਤੁਹਾਡੇ ਬਾਰੇ ਲੋਕ ਕੀ ਸੋਚਦੇ ਹਨ ਅੱਜ ਤੁਹਾਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪਵੇਗਾ ਬਲਕਿ ਅੱਜ ਤੁਸੀ ਖਾਲੀ ਸਮੇਂ ਵਿਚ ਕਿਸੀ ਨਾਲ ਮਿਲਣਾ ਜੁਲਣਾ ਵੀ ਪਸੰਦ ਨਹੀਂ ਕਰੋਂਗੇ ਅਤੇ ਇਕਾਂਤ ਵਿਚ ਆਨੰਦ ਮਹਿਸੂਸ ਕਰੋਂਗੇ। ਤੁਹਾਡੇ ਵਿਅਸਤ ਦਿਨ ਭਰ ਦੇ ਚਲਦੇ ਤੁਹਾਡਾ ਜੀਵਨਸਾਥੀ ਤੁਹਾਡੇ ਤੇ ਸ਼ੱਕ ਕਰ ਸਕਦਾ ਹੈ ਪਰ ਦਿਨ ਦੇ ਅੰਤ ਵਿਚ ਤੁਹਾਡੀ ਗੱਲ ਸਮਝਗੇ ਅਤੇ ਤੁਹਾਨੂੰ ਜੱਫੀ ਪਾਏਗਾ।

**ਮਿਥੁਨ :** ਚਿੜਚਿੜੇ ਸੁਭਾਅ ਨੂੰ ਕਾਬੂ ਵਿਚ ਰੱਖੋ ਨਹੀਂ ਤਾਂ ਰਿਸ਼ਤਿਆਂ ਵਿਚ ਕਦੀ ਨਾ ਮਿਟਣ ਵਾਲੀ ਖਟਾਸ ਪੈਦਾ ਹੋ ਸਕਦੀ ਹੈ ਇਸ ਤੋਂ ਬਚਣ ਲਈ ਆਪਣੇ ਨਜ਼ਰੀਏ ਵਿਚ ਖੁੱਲਾਪਣ ਅਪਣਾਉ ਅਤੇ ਪੱਖਪਾਤ ਨੂੰ ਛੱਡੋ। ਖਰਚਿਆਂ ਨੂੰ ਕਾਬੂ ਵਿਚ ਰੱਖਣ ਦੀ ਕੋਸ਼ਿਸ਼ ਕਰੋ ਅਤੇ ਸਿਰਫ ਜ਼ਰੂਰੀ ਵਸਤਾਂ ਹੀ ਖਰੀਦੋ ਪਰਿਵਾਰਿਕ ਸਮੱਸਿਆ ਨੂੰ ਪ੍ਰਾਥਮਿਕਤਾ ਦੇਵੋ ਇਸ ਬਾਰੇ ਬਿਨਾ ਦੇਰ ਕੀਤੇ ਗੱਲਬਾਤ ਕਰੋ, ਕਿਉਂ ਕਿ ਇਕ ਵਾਰ ਸਮੱਸਿਆ ਦਾ ਹੱਲ ਹੋ ਜਾਣ ਤੇ ਘਰ ਵਿਚ ਜੀਵਨ ਸੋਖਾ ਹੋ ਜਾਵੇਗਾ ਅਤੇ ਪਰਿਵਾਰ ਦੇ ਲੋਕਾਂ ਨੂੰ ਪ੍ਰਭਾਵਿਤ ਕਰਨ ਤੇ ਤੁਹਾਨੂੰ ਕੋਈ ਮੁਸ਼ਕਿਲ ਨਹੀਂ ਆਵੇਗੀ। ਤੁਹਾਡਾ ਮੂਡ ਸ਼ਾਇਦ ਤੁਹਾਡੇ ਪ੍ਰੇਮੀ ਦੇ ਸਖਤ ਸ਼ਬਦਾਂ ਕਾਰਨ ਖਰਾਬ ਹੋ ਜਾਵੇ। ਜੋ ਕਲਾ ਅਤੇ ਰੰਗਮੰਚ ਆਦਿ ਨਾਲ ਜੁੜੇ ਹੋਏ ਹਨ ਉਨਾਂ ਨੂੰ ਅੱਜ ਆਪਣਾ ਕੋਸ਼ਲ ਦਿਖਾਉਣ ਦੇ ਕਈਂ ਨਵੇਂ ਮੋਕੇ ਮਿਲਣਗੇ। ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਅੱਜ ਤੁਸੀ ਸਭ ਲੋਕਾਂ ਨਾਲ ਦੂਰੀ ਬਣਾ ਕੇ ਇਕਾਂਤ ਵਿਚ ਸਮਾਂ ਬਿਤਾਉਣਾ ਪਸੰਦ ਕਰੋਂਗੇ ਅਜਿਹਾ ਕਰਨਾ ਤੁਹਾਡੇ ਲਈ ਸਹੀ ਹੋਵੇਗਾ ਤੁਹਾਡੇ ਜੀਵਨ ਸਾਥੀ ਦੀਆਂ ਮੰਗਾਂ ਤੁਹਾਡੇ ਲਈ ਤਣਾਵ ਦਾ ਕਾਰਨ ਬਣ ਸਕਦੀ ਹੈ।

**ਕਰਕ :** ਅਸੁਵਿਧਾ ਤੁਹਾਡੀ ਮਾਨਸਿਕ ਸ਼ਾਤੀ ਨੂੰ ਭੰਗ ਕਰ ਸਕਦੀ ਹੈ। ਤੁਸੀ ਪੈਸਾ ਬਣਾ ਸਕਦੇ ਹੋ ਪਰ ਸ਼ਰਤ ਇਹ ਕਿ ਤੁਸੀ ਆਪਣੀ ਜਮਾਂ ਪੂੰਜੀ ਪਰੰਪਰਿਕ ਤੋਰ ਤੇ ਨਿਵੇਸ਼ ਕਰੋ। ਤੁਹਾਨੂੰ ਹੈਰਾਨ ਵੇਖਦੇ ਹੋਏ ਤੁਹਾਡੇ ਬਚਾਅ ਵਿਚ ਤੁਹਾਡਾ ਭਰਾ ਆਵੇਗਾ ਤੁਹਾਨੂੰ ਇਕ ਦੂਸਰੇ ਦੀ ਖੁਸ਼ੀ ਲਈ ਆਪਸੀ ਸਹਿਯੋਗ ਅਤੇ ਨਾਲ ਮਿਲਕੇ ਕੰਮ ਕਰਨ ਦੀ ਲੋੜ ਹੈ ਯਾਦ ਰੱਖੋ ਕਿ ਸਹਿਯੋਗ ਜੀਵਨ ਦਾ ਕੇਂਦਰ ਬਿੰਦੂ ਹੈ। ਜੋ ਆਪਣੇ ਪਿਆਰ ਦੇ ਨਾਲ ਛੁਟੀਆਂ ਬਿਤਾ ਰਹੇ ਹਨ ਇਹ ਉਨਾਂ ਦੀ ਜ਼ਿੰਦਗੀ ਵਿਚ ਸਭ ਤੋਂ ਯਾਦਗਾਰ ਪਲ ਹੋਣਗੇ। ਅੱਜ ਤੁਸੀ ਲੈਕਚਰ ਅਤੇ ਸੈਮੀਨਾਰ ਵਿਚ ਹਿੱਸਾ ਲੈ ਕੇ ਕਈਂ ਨਵੇਂ ਵਿਚਾਰ ਪਾ ਸਕਦੇ ਹੋ। ਹਰ ਕੰਮ ਨੂੰ ਸਮੇਂ ਸਿਰ ਪੂਰਾ ਕਰਨਾ ਠੀਕ ਹੈ ਕਿਉਂ ਕਿ ਇਹ ਦਿਨ ਦੇ ਅਖੀਰ ਵਿਚ ਆਪਣੇ ਆਪ ਲਈ ਇਕ ਕਮਰਾ ਦਿੰਦਾ ਹੈ ਪਰੋਕਾਸਟਿੰਗ ਹੁਣ ਹਰ ਇਕ ਅਤੇ ਸਿਰਫ ਬੋਝ ਨੂੰ ਵਧਾਉਂਦਾ ਹੈ। ਜ਼ਿੰਦਗੀ ਸੱਚਮੁੱਚ ਦਿਲਚਸਪ ਹੋਵੇਗੀ ਜਦੋਂ ਤੁਹਾਡਾ ਜੀਵਨ ਸਾਥੀ ਤੁਹਾਡੇ ਨਾਲ ਆਵੇਗਾ ਸਾਰੇ ਵਿਵਾਦਾਂ ਨੂੰ ਭੁੱਲ ਜਾਵੇਗਾ ਤੁਹਾਨੂੰ ਪਿਆਰ ਨਾਲ ਗ੍ਰਹਿਣ ਕਰੇਗਾ।

**ਸਿੰਘ:** ਅਸੁਵਿਧਾ ਤੁਹਾਡੀ ਮਾਨਸਿਕ ਸ਼ਾਤੀ ਨੂੰ ਭੰਗ ਕਰ ਸਕਦੀ ਹੈ। ਪ੍ਰਾਪਤ ਹੋਇਆ ਧੰਨ ਤੁਹਾਡੀ ਉਮੀਦ ਮੁਤਾਬਿਕ ਨਹੀਂ ਹੋਵੇਗਾ। ਦੋਸਤਾਂ ਦੇ ਨਾਲ ਸਰਗਰਮੀਆਂ ਕਰਨਾ ਮਜ਼ੇਦਾਰ ਰਹੇਗਾ ਪਰੰਤੂ ਜ਼ਿਆਦਾ ਪੈਸੇ ਖਰਚ ਨਾ ਕਰੋ ਨਹੀਂ ਤਾਂ ਤੁਸੀ ਖਾਲੀ ਜੇਬ ਲੈ ਕੇ ਘਰ ਆਵੋਂਗੇ। ਰੁਮਾਂਟਿਕ ਮੁਲਾਕਾਤ ਤੁਹਾਡੀ ਖੁਸ਼ੀ ਵਿਚ ਤੜਕੇ ਦਾ ਕੰਮ ਕਰੇਗੀ। ਤੁਹਾਡੇ ਲਈ ਅੱਜ ਚੀਜਾਂ ਸ਼ਾਇਦ ਕੰਮ ਦੀਆਂ ਤੇ ਸ਼ਾਨਦਾਰ ਬਣ ਜਾਣ ਜੇਕਰ ਤੁਸੀ ਉਸ ਨੂੰ ਸਿਰਫ ਹੈਲੋ ਕਿਹਾ ਜੋ ਤੁਹਾਨੂੰ ਨਫਰਤ ਕਰਦਾ ਹੈ। ਅੱਜ ਤੁਸੀ ਆਪਣੇ ਜੀਵਨਸਾਥੀ ਨੂੰ ਤੋਹਫਾ ਦੇ ਸਕਦਾ ਹੈ ਆਪਣੇ ਸਾਰੇ ਕੰਮਾਂ ਨੂੰ ਛੱਡ ਕੇ ਅੱਜ ਤੁਸੀ ਉਸ ਨਾਲ ਸਮਾਂ ਗੁਜ਼ਾਰ ਸਕਦੇ ਹੋ। ਵਿਵਾਹਿਕ ਜੀਵਨ ਦੇ ਲਈ ਵਿਸ਼ੇਸ਼ ਦਿਨ ਹੈ ਆਪਣੇ ਜੀਵਨ ਸਾਥੀ ਨੂੰ ਦੱਸੋ ਕਿ ਤੁਸੀ ਉਸ ਨੂੰ ਕਿੰਨਾ ਪਿਆਰ ਕਰਦੇ ਹੋ।

**ਕੰਨਿਆ:** ਜਿਆਦਾ ਪੇਟਭਰ ਕੇ ਖਾਣ ਤੋਂ ਅਤੇ ਸ਼ਰਾਬ ਦੀ ਵਰਤੋਂ ਤੋਂ ਬਚੋ। ਅਚਾਨਕ ਆਏ ਖਰਚੇ ਆਰਥਿਕ ਬੋਝ ਵਧਾ ਸਕਦੇ ਹਨ ਪਿਆਰ ਮੇਲਜੋਲ ਅਤੇ ਆਪਸੀ ਪਰਸਾਰ ਵਿਚ ਵਾਧਾ ਹੋਵੇਗਾ। ਪਿਆਰ ਦਾ ਜਜ਼ਬਾ ਅਨੁਭਵ ਤੋਂ ਹਟ ਕੇ ਹੈ ਪਰੰਤੂ ਅੱਜ ਤੁਹਾਡੀਆਂ ਗਿਆਨ ਇੰਦਰੀਆਂ ਪਿਆਰ ਦੀ ਖੁਸ਼ੀ ਦਾ ਅਨੁਭਵ ਕਰਨਗੀਆਂ। ਅਧੀਨ ਜਾਂ ਸਹਿਕਰਮਚਾਰੀ ਬਹੁਤ ਮਦਦਗਾਰ ਸਾਬਿਤ ਹੋਣਗੇ। ਤੁਸੀ ਆਪਣੇ ਸੀਨੀਅਰ ਨੂੰ ਅਨੇਕਾਂ ਅਧੂਰੇ ਕਾਰਜਾਂ ਨੂੰ ਸਹਿਣ ਕਰ ਸਕਦੇ ਹੋ ਜਿਸ ਦਾ ਤੁਹਾਡੇ ਦੁਆਰਾ ਪਿਛਲੇ ਸਮੇਂ ਵਿਚ ਕੋਈ ਧਿਆਨ ਨਹੀਂ ਦਿੱਤਾ ਗਿਆ ਸੀ ਅੱਜ ਤੁਹਾਡਾ ਖਾਲੀ ਸਮਾਂ ਤੁਹਾਡੇ ਦਫਤਰ ਦੇ ਕੰਮ ਕਰਨ ਵਿਚ ਬਤੀਤ ਕਰੇਗਾ। ਅੱਜ ਤੁਸੀ ਜਾਣੋਂਗੇ ਕਿ ਤੁਸੀ ਆਪਣੇ ਜੀਵਨਸਾਥੀ ਦੇ ਨਾਲ ਕਿਵੇਂ ਮਹਿਸੂਸ ਕਰੋਂਗੇ ਹਾਂ , ਤੁਹਾਡਾ ਜੀਵਨਸਾਥੀ ਇਕ ਹੈ।

**ਤੁਲਾ:** ਕੰਮ ਦੀ ਦਬਾਅ ਵਧਣ ਨਾਲ ਹੀ ਤੁਸੀ ਮਾਨਸਿਕ ਉੱਥਲ ਪੁੱਥਲ ਅਤੇ ਦਿੱਕਤ ਮਹਿਸੂਸ ਕਰੋਂਗੇ। ਕਿਸੇ ਕਰੀਬੀ ਰਿਸ਼ਤੇਦਾਰ ਦੀ ਮਦਦ ਨਾਲ ਤੁਸੀ ਆਪਣੇ ਕਾਰੋਬਾਰ ਨੂੰ ਵਧੀਆ ਕਰ ਸਕਦੇ ਹੋ, ਜਿਸ ਨਾਲ ਤੁਹਾਨੂੰ ਆਰਥਿਕ ਲਾਭ ਵੀ ਹੋਵੇਗਾ। ਇਕ ਨਜ਼ਦੀਕੀ ਰਿਸ਼ਤੇਦਾਰ ਖੁਦ ਤੋਂ ਜ਼ਿਆਦਾਂ ਤੁਹਾਡਾ ਜ਼ਿਆਦਾਂ ਧਿਆਨ ਚਾਹੇਗਾ ਹਾਲਾਂ ਕਿ ਉਹ ਕਾਫੀ ਮਦਦਗਾਰ ਅਤੇ ਖਿਆਲ ਰੱਖਣ ਵਾਲਾ ਹੋਵੇਗਾ। ਰੋਮਾਂਸ ਦੇ ਲਈ ਸਹੀ ਮੌਕਾ ਹੈ ਪਰੰਤੂ ਇਸ ਲਈ ਬਹੁਤ ਘੱਟ ਸਮਾਂ ਰਹੇਗਾ। ਸਾਂੱਝੇਦਾਰੀ ਉੱਦਮ ਵਿਚ ਕੀਤੇ ਗਏ ਕੰਮ ਆਖਿਰਕਾਰ ਲਾਭਦਾਇਕ ਸਾਬਿਤ ਹੋਣਗੇ ਪਰੰਤੂ ਤੁਹਾਨੂੰ ਆਪਣੇ ਭਾਗੀਦਾਰਾਂ ਨਾਲ ਕਾਫੀ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਗੱਪਿਆਂ ਅਤੇ ਅਫਵਾਹਾਂ ਤੋਂ ਦੂਰ ਰਹੋ। ਜੀਵਨ ਸਾਥੀ ਦੇ ਨਾਲ ਆਪਣੇ ਦਿਲ ਦੀਆਂ ਸਾਰੀਆਂ ਗੱਲਾਂ ਕਰਨ ਦਾ ਭਰਪੂਰ ਸਮਾਂ ਹੈ।

**ਬ੍ਰਿਸ਼ਚਕ:** ਆਪਣੀ ਸਿਹਤ ਸੁਧਾਰੋ ਕਿਉਂ ਕਿ ਕਮਜ਼ੋਰ ਸਰੀਰ ਦਿਮਾਗ ਨੂੰ ਵੀ ਕਮਜ਼ੋਰ ਬਣਾ ਦਿੰਦਾ ਹੈ। ਜੋ ਵਪਾਰੀ ਆਪਣੇ ਕਾਰੋਬਾਰ ਦੇ ਸਿਲਸਿਲੇ ਵਿਚ ਘਰ ਤੋਂ ਬਾਹਰ ਜਾ ਰਹੇ ਹਨ ਉਹ ਆਪਣੇ ਪੈਸੇ ਨੂੰ ਸੰਭਾਲ ਕੇ ਰੱਖਣ। ਪੈਸਾ ਚੋਰੀ ਹੋਣ ਦੀ ਸੰਭਾਵਨਾ ਹੈ। ਸ਼ਾਮ ਦੇ ਸਮੇਂ ਆਪਣੇ ਜੀਵਨਸਾਥੀ ਦੇ ਨਾਲ ਬਾਹਰ ਖਾਣਾ ਜਾਂ ਫਿਲਮ ਦੇਖਣਾ ਤੁਹਾਨੂੰ ਸਕੂਨ ਦੇਵੇਗਾ ਅਤੇ ਖੁਸ਼ਮਿਜ਼ਾਜ ਬਣਾ ਕੇ ਰੱਖਗਾ। ਰੋਮਾਂਸ ਤੁਹਾਡੇ ਦਿਲ ਅਤੇ ਦਿਮਾਗ ਨੂੰ ਨਿਯੰਤਰਿਤ ਕਰਦਾ ਹੈ। ਅੱਜ ਤੁਸੀ ਲੈਕਚਰ ਅਤੇ ਸੈਮੀਨਾਰ ਵਿਚ ਹਿੱਸਾ ਲੈ ਕੇ ਕਈਂ ਨਵੇਂ ਵਿਚਾਰ ਪਾ ਸਕਦੇ ਹੋ। ਤੁਹਾਡੇ ਸੰਚਾਰੀ ਹੁੱਨਰ ਪ੍ਰਭਾਵਸ਼ਾਲੀ ਹੋਣਗੇ। ਅੱਜ ਤੁਹਾਡਾ ਜੀਵਨ ਸਾਥੀ ਸੰਕਿਟਾਂ ਦੇ ਭਿੰਨਾਂ ਵਿਚ ਤੁਹਾਡੇ ਦੁੱਖਾਂ ਨੂੰ ਚੁੰਮ ਜਾਵੇਗਾ।

**ਧਨੂੰ:** ਤੁਹਾਡੀਆਂ ਇਛਾਵਾਂ ਅਤੇ ਅਭਿਲਾਸ਼ਵਾਂ ਤੇ ਡਰ ਦਾ ਪਰਛਾਵਾਂ ਪੈ ਸਕਦਾ ਹੈ ਇਸ ਦਾ ਸਾਹਮਣਾ ਕਰਨ ਲਈ ਤੁਹਾਨੂੰ ਉੱਪਯੁਕਤ ਸਲਾਹ ਦੀ ਲੋੜ ਹੈ। ਅੱਜ ਪੈਸੇ ਦਾ ਆਉਣਾ ਤੁਹਾਨੂੰ ਕਈਂ ਮੁਸ਼ਕਿਲਾਂ ਤੋਂ ਦੂਰ ਕਰ ਸਕਦਾ ਹੈ। ਤੁਹਾਡੀ ਰਹਿਮਦਿਲੀ ਅਤੇ ਸਮਝ ਨੂੰ ਪੁਰਸਕਾਰ ਮਿਲੇਗਾ। ਪਰੰਤੂ ਸਾਵਧਾਨ ਰਹੋ ਕਿਉਂ ਕਿ ਜਲਦਬਾਜ਼ੀ ਵਿਚ ਲਿਆ ਕੋਈ ਵੀ ਫੈਂਸਲਾ ਦਬਾਅ ਬਣਾ ਸਕਦਾ ਹੈ। ਅੱਜ ਕਿਸੇ ਅਜਿਹੇ ਇਨਾਸਾਨ ਨਾਲ ਮਿਲਣ ਦੀ ਸੰਭਾਵਨਾ ਹੈ ਜੋ ਤੁਹਾਡੇ ਦਿਲ ਨੂੰ ਗਿਹਰਾਈ ਨਾਲ ਛੂ ਲਵੇਗਾ। ਅੱਜ ਦੇ ਦਿਨ ਕੰਮਕਾਰ ਵਿਚ ਵਾਤਾਵਰਣ ਮਾਹੌਲ ਵਧੀਆ ਬਣਿਆ ਰਹੇਗਾ। ਯਾਤਰਾ ਕਰਨਾ ਦੇ ਲਈ ਚੰਗਾ ਦਿਨ ਨਹੀਂ ਹੈ। ਤੁਹਾਡਾ ਜੀਵਨਸਾਥੀ ਤੁਹਾਨੂੰ ਇਨਾਂ ਬੇਹਤਰੀਨ ਪਹਿਲਾਂ ਕਦੀ ਨਜ਼ਰ ਨਹੀਂ ਆਇਆ ਤੁਹਾਨੂੰ ਉਸ ਕੋਲੋਂ ਕੋਈ ਵਧੀਆ ਸਰਪਰਾਈਜ਼ ਮਿਲ ਸਕਦਾ ਹੈ।

**ਮਕਰ :** ਆਪਣੇ ਵਿਚਾਰ ਅਤੇ ਉਰਜਾ ਨੂੰ ਉਹਨਾਂ ਕੰਮਾਂ ਵਿਚ ਲਗਾਉ ਜਿਨਾਂ ਤੋਂ ਆਪਣੇ ਹਕੀਕਤ ਦਾ ਰੂਪ ਲੈ ਸਕਦੇ ਹਨ। ਸਿਰਫ ਖਿਆਲੀ ਪੁਲ ਬਣਾਉਣ ਨਾਲ ਕੁਝ ਨਹੀਂ ਹੁੰਦਾ। ਹੁਣ ਤੱਕ ਤੁਹਾਡੇ ਕੋਲ ਸਮੱਸਿਆ ਇਹ ਹੈ ਕਿ ਤੁਸੀ ਕੋਸ਼ਿਸ਼ ਕਰਨ ਦੀ ਬਜਾਏ ਕੇਵਲ ਇੱਛਾ ਕਰਦੇ ਹੋ। ਅੱਜ ਤੁਹਾਨੂੰ ਉਨਾਂ ਰਿਸ਼ਤੇਦਾਰਾਂ ਨੂੰ ਪੈਸਾ ਨਹੀਂ ਦੇਣਾ ਚਾਹੀਦਾ ਜਿਨਾਂ ਨੇ ਹੁਣ ਤੱਕ ਤੁਹਾਡਾ ਪਿੱਛਲਾ ਪੈਸਾ ਵਾਪਿਸ ਨਹੀਂ ਕੀਤਾ। ਦੋਸਤਾਂ ਦੇ ਨਾਲ ਸਰਗਰਮੀਆਂ ਕਰਨਾ ਮਜ਼ੇਦਾਰ ਰਹੇਗਾ ਪਰੰਤੂ ਜ਼ਿਆਦਾ ਪੈਸੇ ਖਰਚ ਨਾ ਕਰੋ ਨਹੀਂ ਤਾਂ ਤੁਸੀ ਖਾਲੀ ਜੇਬ ਲੈ ਕੇ ਘਰ ਆਵੋਂਗੇ। ਅੱਜ ਤੁਸੀ ਇਕ ਦਿਲ ਟੁੱਟਣ ਤੋਂ ਰੋਕੋਂਗੇ। ਜੇਕਰ ਤੁਸੀ ਕੰਮਕਾਰ ਦੇ ਲਈ ਜਿਆਦਾ ਦਬਾਅ ਬਣਾਉਂਗੇ ਤਾਂ ਲੋਕ ਭੜਕ ਸਕਦੇ ਹਨ ਕੋਈ ਵੀ ਫੈਂਸਲਾ ਲੈਣ ਤੋਂ ਪਹਿਲਾਂ ਦੂਜਿਆਂ ਦੀਆਂ ਲੋੜਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਦਿਲ ਦੇ ਕਰੀਬ ਲੋਕਾਂ ਦੇ ਨਾਲ ਤੁਹਾਡਾ ਮਨ ਸਮਾਂ ਬਿਤਾਉਣ ਨੂੰ ਕਰੇਗਾ ਪਰੰਤੂ ਤੁਸੀ ਅਜਿਹਾ ਕਰਨ ਵਿਚ ਸਫਲ ਨਹੀਂ ਹੋ ਪਾਉਂਗੇ। ਤੁਹਾਡੇ ਸਾਥੀ ਦਾ ਸ਼ੱਕ ਇਕ ਵੱਡੀ ਲੜਾਈ ਵੱਲ ਵੱਧ ਸਕਦਾ ਹੈ।

**ਕੁੰਭ:** ਜਿਆਦਾ ਪੇਟਭਰ ਕੇ ਖਾਣ ਤੋਂ ਅਤੇ ਸ਼ਰਾਬ ਦੀ ਵਰਤੋਂ ਤੋਂ ਬਚੋ। ਆਪਣੇ ਜੀਵਨ ਸਾਥੀ ਨਾਲ ਮਿਲ ਕੇ, ਤਸੀ ਭਵਿੱਖ ਦੇ ਲਈ ਧੰਨ ਦੀ ਯੋਜਨਾ ਅਤੇ ਆਰਥਿਕਤਾ ਬਾਰੇ ਗੱਲਬਾਤ ਕਰ ਸਕਦੇ ਹੋ। ਅੱਜ ਤੁਹਾਨੂੰ ਦੂਜਿਆਂ ਦੀ ਲੋੜ ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਹਾਲਾਂਕਿ ਬੱਚਿਆਂ ਨੂੰ ਜ਼ਿਆਦਾ ਛੂਟ ਦੇਣਾ ਤੁਹਾਡੇ ਲਈ ਸਮੱਸਿਆ ਖੜੀ ਕਰ ਸਕਦਾ ਹੈ। ਪਿਆਰ ਦੇ ਮਾਮਲੇ ਵਿਚ ਗੁਲਾਮ ਦੀ ਕੰਮ ਨਾ ਕਰੋ। ਜੇਕਰ ਤੁਸੀ ਸਿੱਧਾ ਜਵਾਬ ਨਹੀਂ ਦੇਵੋਂਗੇ ਤਾਂ ਤੁਹਾਡੇ ਸਹਿਯੋਗੀ ਤੁਹਾਡੇ ਤੋਂ ਨਾਰਾਜ਼ ਹੋ ਸਕਦੇ ਹਨ। ਜਲਦਬਾਜ਼ੀ ਵਿਚ ਫੈਂਸਲੇ ਨਾ ਕਰੋ ਤਾਂ ਕਿ ਬਾਅਦ ਵਿਚ ਤੁਹਾਨੂੰ ਪਛਤਾਉਣਾ ਪਵੇ। ਤੁਹਾਡਾ ਵਿਆਹੁਤ ਜੀਵਨ ਤੁਹਾਡੇ ਪਿਆਰ ਦੇ ਚਲਦੇ ਨਾਕਾਰਤਮਕ ਰੂਪ ਨਾਲ ਪ੍ਰਭਾਵਿਤ ਹੋ ਸਕਦਾ ਹੈ ਪਰੰਤੂ ਤੁਸੀ ਦੋਵੇਂ ਹੋਸ਼ਿਆਰੀ ਨਾਲ ਚੀਜਾਂ ਸੰਭਾਲ ਸਕਦੇ ਹੋ।


**ਮੀਨ:** ਕਾਨੂੰਨੀ ਮਾਮਲਿਆਂ ਦੀ ਵਜਾਹ ਨਾਲ ਤਨਾਵ ਮੁਮਕਿਨ ਹੈ। ਅੱਜ ਤੁਸੀ ਘਰ ਤੋਂ ਬਾਹਰ ਤਾਂ ਬਹੁਤ ਸਾਕਾਰਤਮਕਤਾ ਦੇ ਨਾਲ ਨਿਕਲੋਂਗੇ ਪਰੰਤੂ ਕਿਸੀ ਕੀਮਤੀ ਵਸਤੂ ਦੇ ਚੋਰੀ ਹੋਣ ਦੀ ਵਜਾਹ ਨਾਲ ਤੁਹਾਡਾ ਮੂਡ ਖਰਾਬ ਹੋ ਸਕਦਾ ਹੈ । ਅਣਚਾਹੇ ਮਹਿਮਾਨਾਂ ਨਾਲ ਤੁਹਾਡਾ ਘਰ ਭਰਿਆ ਰਹਿ ਸਕਦਾ ਹੈ ਅੱਜ ਤੁਸੀ ਆਤਮਿਕ ਪਿਆਰ ਦੀ ਮਦਹੋਸ਼ੀ ਮਹਿਸੂਸ ਕਰੋਂਗੇ ਇਸ ਲਈ ਕੁਝ ਸਮਾਂ ਬਚਾ ਕੇ ਰੱਖੋ। ਤੁਹਾਡੀ ਇਮਾਦਾਰੀ ਅਤੇ ਕੰਮ ਨੂੰ ਵਫਾਦਾਰੀ ਨਾਲ ਕਰਨ ਦੀ ਤੁਹਾਡੀ ਯੋਗਤਾ ਤੁਹਾਨੂੰ ਮਾਨਤਾ ਦੇਵੇਗੀ। ਸਮੇਂ ਦਾ ਚੱਕਰ ਬਹੁਤ ਤੇਜ਼ ਚਲਦਾ ਹੈ ਇਸ ਲਈ ਸਮਝਦਾਰੀ ਨਾਲ ਵਰਤੋ ਕਰਨਾ ਸਿੱਖੋ ਅਤੇ ਇਸ ਦਾ ਵੱਧ ਲਾਭ ਉਠਾਉ। ਮਤਭੇਦਾਂ ਦੀ ਇਕ ਲੰਬੀ ਕੜੀ ਤੁਹਾਡੇ ਰਿਸ਼ਤੇ ਨੂੰ ਕਮਜ਼ੋਰ ਕਰ ਸਕਦੀ ਹੈ ਇਸ ਨੂੰ ਹਲਕੇ ਵਿਚ ਲੈਣਾ ਠੀਕ ਨਹੀਂ ਹੋਵੇਗਾ।

ਲਹਿੰਦੇ ਪੰਜਾਬ ਦੇ ਗਲਿਆਰੇ 'ਚੋਂ ...

# ਸ਼ਹਿਰ ਰਹੀਮ ਯਾਰ ਖਾਨ ਤੇ ਅੰਤਰ ਰਾਸ਼ਟਰੀ ਰੋਹੀ ਪੰਜਾਬੀ ਕਾਨਫ਼ਰੰਸ







ਰਹੀਮ ਯਾਰ ਖਾਨ ਪਾਕਿਸਤਾਨੀ ਪੰਜਾਬ ਦਾ ਸਿੰਧ ਸੂਬੇ ਨਾਲ ਲਗਦਾ ਆਖਰੀ ਸ਼ਹਿਰ ਹੈ। ਆਬਾਦੀ ਪੱਖੋਂ ਇਹ ਪਾਕਿਸਤਾਨ ਦਾ 9ਵਾਂ ਸਭ ਤੋਂ ਵੱਡਾ ਸ਼ਹਿਰਹੈ ਤੇ ਆਪਣੇ ਆਪ ਵਿਚ ਜ਼ਿਲ੍ਹੇ ਅਤੇ ਤਹਿਸੀਲ ਦਾ ਦਰਜਾ ਰੱਖਦਾ ਹੈ। ਸ਼ਹਿਰ ਦਾ ਪ੍ਰਸ਼ਾਸਨ ਨੌਂ ਯੂਨੀਅਨ ਕੌਂਸਲਾਂ ਵਿੱਚ ਵੰਡਿਆ ਹੋਇਆ ਹੈ।

ਇਸ ਸ਼ਹਿਰ ਬਾਰੇ ਖੋਜ ਪੜਤਾਲ ਕਰਨ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਇਹ ਸ਼ਹਿਰ ਕੋਈ ਪੰਜ ਕੁ ਹਜਾਰ ਪੁਰਾਣਾ ਹੈ, ਜਿਸ ਦਾ ਨਾਮ ਸਮੇਂ ਸਮੇਂ ਬਦਲਦਾ ਰਿਹਾ ਹੈ । ਇਸ ਸ਼ਹਿਰ ਦਾ ਸਭ ਤੋਂ ਪਹਿਲਾਂ ਦਰਜ ਕੀਤਾ ਗਿਆ ਨਾਮ ਅਰੋਰ ਜਾਂ ਆਲੋਰ ਸੀ ਜੋ ਬਾਅਦ ਵਿਚ ਪੱਤਣ, ਫੂਲ ਵਾੜਾ, ਨੌਸ਼ਹਿਰਾ ਅਤੇਹੁਣ ਰਹੀਮ ਯਾਰ ਖਾਨ ਬਣ ਗਿਆ ਹੈ ।

ਦੱਸਿਆ ਜਾਂਦਾ ਹੈ ਕਿ ਇਸ ਸ਼ਹਿਰ ਦਾ ਨਾਮ ਪੱਤਣ ਇਸ ਕਰਕੇ ਪਿਆ ਸੀ, ਕਿਉਂਕਿ ਸੂਬਾ ਸਿੰਧ ਵਿਚ ਦਾਖਲ ਹੋਣ ਵਾਸਤੇ ਦਰਿਆ ਸਿੰਧ ਨੂੰ ਪਾਰ ਕਰਨ ਵਾਸਤੇ ਇਥੇ ਇਕ ਬਹੁਤ ਵੱਡਾ ਪੱਤਨ ਹੁੰਦਾ ਸੀ ਜਿਸ ਦਾ ਪ੍ਰਾਚੀਨ ਮੀਨਾਰ ਅੱਜ ਵੀ ਇਸ ਸ਼ਹਿਰ ਦੇ ਦੱਖਣ ਵੱਲ 13 ਕਿਲੋਮੀਟਰ ਦੂਰ ਆਪਣੇ ਮੂਲ ਰੂਪ ਵਿੱਚਖੜ੍ਹਾ ਹੈ। ਮੁਹੰਮਦ ਬਿਨ ਕਾਸਿਮ ਦੀ ਅਗਵਾਈ ਵਿੱਚ ਮੁਗਲ ਹਮਲਾਵਰਾਂ ਨੇ ਜਦੋਂ ਸਿੰਧ ਨੂੰ ਆਪਣੇ ਕਬਜੇ ਵਿਚ ਕਰ ਲਿਆ, ਬਾਅਦ ਵਿਚ "ਉੱਚ"ਅਤੇਮੁਲਤਾਨ ਦੇ ਪ੍ਰਮੁੱਖ ਸ਼ਹਿਰਾਂ ਨੂੰ ਵੀ ਜਿੱਤ ਲਿਆ ਤਾਂ ਉਸ ਤੋਂ ਬਾਅਦ ਰਹੀਮ ਯਾਰ ਖ਼ਾਨ ਦੇ ਖੇਤਰ ਸਮੇਤ ਪੰਜਾਬ ਦੇ ਵਿਸ਼ਾਲ ਇਲਾਕਿਆਂ ਉੱਤੇ ਵੀ ਮੁਗਲਾਂ ਦਾ ਰਾਜ ਸਥਾਪਤ ਹੋ ਗਿਆ। ਇਥੇ ਜਿਕਰਯੋਗ ਹੈ ਕਿ ਉਚ ਜਾਂ ਉਚ ਸ਼ਰੀਫ, 1947 ਤੋਂ ਪਹਿਲਾਂ ਵਾਲੇ ਸਾਂਝੇ ਪੰਜਾਬ ਦੀ ਦੱਖਣੀ ਗੁੱਠ ਵਿਚ ਬਹਾਵਲ ਪੁਰ ਤੋਂ 73 ਕੁ ਕਿੱਲੋਮੀਟਰ ਦੂਰ ਸਥਿਤ ਇਕ ਬਹੁਤ ਹੀ ਇਤਿਹਾਸਕ ਸ਼ਹਿਰ ਹੈ ਜਿੱਥੇ ਸਿੰਧ ਤੇ ਚਨ੍ਹਾਬ ਦਰਿਆਵਾਂ ਦਾ ਆਪਸੀ ਸੰਗਮ ਹੁੰਦਾ ਹੈ ਤੇ ਅੱਗੇ ਜਾ ਕੇ ਪੰਜ ਨਦ ਭਾਵ ਪੰਜਾਬ ਦੇ ਬਾਕੀ ਤਿੰਨ ਦਰਿਆਵਾਂ (ਸਤਲੁਜ, ਬਿਆਸ ਤੇ ਰਾਵੀ) ਨਾਲ ਜਾ ਮਿਲਦਾ ਹੈ। ਬੇਸ਼ੱਕ ਇਸ ਵਾਰ ਸਾਡੀ ਪਲਾਨ ਉਸ ਜਗਾ ਨੂੰ ਦੇਖਣ ਦਾ ਵੀ ਸੀ, ਜਿੱਥੇ ਉਕਤ ਪੰਜ ਦਰਿਆ ਆਪਸ ਵਿਚ ਮਿਲਕੇ ਬਾਜ ਦਾ ਪੰਜਾ ਬਣਾਉਂਦੇ ਹੋਏ ਖਾੜੀ ਦੇ ਸੰਮੁਦਰ ਵਿਚ ਵਿਲੀਨ ਹੁੰਦੇ ਹਨ, ਪਰ ਸਮੇਂ ਦੀ ਘਾਟ ਕਾਰਨ ਇਸ ਵਾਰ ਅਜਿਹਾ ਸੰਭਵ ਨਹੀਂ ਹੋ ਸਕਿਆ, ਸੋ ਅਗਲੀ ਵਾਰ ਇਕ ਵਾਰ ਫੇਰ ਕੋਸ਼ਿਸ਼ ਕਰਾਂਗਾ।

ਰਹੀਮ ਯਾਰ ਖਾਨ, ਮੁਗਲ ਸਲਤਨਤ ਦੇ ਵੇਲੇ ਮੁਲਤਾਨ ਸੂਬੇ ਦਾ ਹਿੱਸਾ ਹੁੰਦਾ ਸੀ, ਪਰ ਇਸ ਵੇਲੇ ਲਹਿੰਦੇ ਪੰਜਾਬ ਦਾ ਹਿੱਸਾ ਹੈ। 1881 ਵਿੱਚ ਇਹ ਸ਼ਹਿਰ ਬਹਾਵਲਪੁਰ ਦੇ ਨਵਾਬ ਨੇ ਆਪਣੇ ਜੇਠੇ ਪੁੱਤਰ, ਰਹੀਮ ਯਾਰ ਖਾਨ ਦੇ ਸਪੁਰਦ ਕਰ ਦਿੱਤਾ ਸੀ ਜਿਸ ਕਰਕੇ ਇਸ ਸ਼ਹਿਰ ਦਾ ਨਾਮ ਉਸ ਦੇ ਨਾਮ ਉੱਤੇ ਹੀ ਮਸ਼ਹੂਰ ਹੋ ਗਿਆ। ਲਹਿੰਦੇ ਪੰਜਾਬ ਦਾ ਇਹ ਇਕ ਬਹੁਤ ਹੀ ਵਿਕਸਤ ਸ਼ਹਿਰ ਹੈ। ਸੜਕਾਂ ਸਾਫ ਸੁਥਰੀਆਂ ਹਨ ਤੇ ਰੋਡ ਇੰਫਰਾ ਸਟਰੱਕਚਰ ਵੀ ਬਹੁਤ ਸ਼ਾਨਦਾਰ ਹੈ । ਪੁਰਾਤਨ ਇਮਾਰਤਾਂ ਦੀ ਸਾਂਭ ਸੰਭਾਲ ਕਾਫੀ ਵਧੀਆ ਢੰਗ ਨਾਲ ਕੀਤੀ ਹੋਈ ਹੈ। ਇਸ ਸ਼ਹਿਰ ਦੇ ਵਿੱਦਿਅਕ ਅਦਾਰਿਆਂ ਵਿਚੋਂ, ਖਵਾਜਾ ਫਰੀਦ ਯੂਨੀਵਰਸਿਟੀ ਆਫ ਇੰਜਨੀਅਰਿੰਗ ਐਂਡ ਸੂਚਨਾ ਅਤੇ ਟੈਕਨੋਲਜੀ, ਸ਼ੇਖ ਜ਼ਾਇਦ ਮੈਡੀਕਲ ਕਾਲੇਜ ਅਤੇ ਹਸਪਤਾਲ, ਇਸਲਾਮੀਆ ਯੂਨੀਵਰਸਿਟੀ ਬਹਾਵਲਪੁਰ, ਆਰਵਾਈਕੇ ਕੈਂਪ, ਪੰਜਾਬ ਗਰੁੱਪ ਆਫ਼ ਕਾਲਜਿਜ, ਆਰਮੀ ਪਬਲਿਕ ਸਕੂਲ ਅਤੇ ਕਾਲਜ ਅਤੇ ਨੈਸ਼ਨਲ ਕਾਲਜ ਆਫ਼ ਬਿਜ਼ਨਸ ਐਡਮਿਨਿਸਟ੍ਰੇਸ਼ਨ ਐਂਡਇਕਨਾਮਿਕਸ ਦੇ ਨਾਮ ਜਿਕਰਯੋਗ ਹਨ।

ਇਥੋਂ ਦੀ ਨਾਮਵਰ ਸਖਸ਼ੀਅਤ ਚੌਧਰੀ ਗੁਲਜਾਰ ਅਹਿਮਦ ਢਿੱਲੋਂ ਨਾਲ ਸ਼ਹਿਰ ਦੀ ਫੇਰੀ ਮਾਰਨ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਹ ਸ਼ਹਿਰ ਜਿਥੇ ਪ੍ਰਦੂਸ਼ਣ ਮੁਕਤ ਹੈ ਤੋਂ ਸੜਕਾਂ ਖੁਲ੍ਹੀਆਂ ਤੇ ਵਧੀਆ ਹਾਲਤ ਵਿਚ ਹਨ, ਸ਼ੋਰ ਪ੍ਰਦੂਸਣ ਅਤੇ ਭੀੜ ਭੜੱਕੇ ਵੀ ਏਨਾ ਨਹੀਂ ਹੈ। ਸ਼ਹਿਰ ਦੇ ਬਾਹਰੀ ਇਲਾਕਿਆਂ ਭਾਵ ਪੇਂਡੂ ਖੇਤਰਾਂ ਵਿਚ ਅੰਬਾਂ ਦੇ ਬਾਗ ਅਤੇ ਖਜੂਰਾਂ ਦੇ ਬੂਟੇ ਬਹੁਤਾਤ ਵਿਚ ਨਜਰ ਆਏ । ਕਮਾਦ ਵੀ ਇਸ ਇਲਾਕੇ ਵਿਚ ਕਾਫੀ ਬੀਜਿਆ ਜਾਂਦਾ ਹੈ।

ਬੋਲੀ ਪੱਖੋਂ ਪਾਕਿਸਤਾਨ ਦਾ ਇਹ ਜਿਲ੍ਹਾ ਬੇਸ਼ਕ ਪੰਜਾਬੀ ਹੀ ਹੈ, ਪਰ ਫਿਰ ਵੀ ਇਥੇ ਪੰਜਾਬੀ ਦੀਆਂ ਦੋ ਉਪਭਾਸ਼ਾਵਾਂ ਸਰਾਇਕੀ ਅਤੇ ਸਿੰਧੀ ਦੇ ਨਾਲ ਨਾਲ ਉਰਦੂ ਦਾ ਵੀ ਕਾਫੀ ਬੋਲਬਾਲਾ ਹੈ। ਜ਼ਿਲ੍ਹੇ ਵਿਚ ਪੰਜਾਬੀ ਅਤੇ ਸਰਾਇਕੀ ਬੋਲੀ ਨੂੰ ਲੈ ਕੇ ਖਿਚੋਤਾਣ ਵੀ ਚੱਲ ਰਹੀ ਹੈ। ਸਰਾਇਕੀ ਬੋਲਣ ਵਾਲੇ ਕੁੱਝ ਕੁ ਲੋਕਾਂ ਦਾ ਮੰਨਣਾ ਹੈ ਕਿ ਉਹਨਾਂ ਦੀ ਬੋਲੀ ਪੰਜਾਬੀ ਨਾਲੋਂ ਵੱਖਰੀ ਹੈ ਜਿਸ ਕਰਕੇ ਉਸ ਖਿੱਤੇ ਦੀ ਬੋਲੀ ਪੰਜਾਬੀ ਨਹੀਂ ਬਲਕਿ ਸਰਾਇਕੀ ਹੈ। ਦਰਅਸਲ ਜੇਕਰ ਦੇਖਿਆ ਜਾਵੇ ਤਾਂ ਸਰਾਇਕੀ ਬੋਲਣ ਵਾਲਿਆਂ ਦਾ ਇਹ ਰੇੜਕਾਂ ਬਿਲਕੁਲ ਉਸੇ ਤਰਾਂ ਦਾ ਬੇਮਤਲਬ ਹੈ ਜਿਵੇਂ ਜੇਕਰ ਮਾਝੀ, ਦੋਆਬੀ, ਮਲਵਈ, ਪੋਠੋਹਾਰੀ, ਕਾਂਗੜੀ, ਹਰਿਆਣਵੀ, ਪੁਆਧੀ, ਪਹਾੜੀ ਤੇ ਮੁਲਤਾਨੀ ਵਾਲੇ ਕਹਿਣ ਕਿ ਸਾਡੀ ਬੋਲੀ ਵੱਖੋ ਵੱਖਰੀ ਹੈ ਜਦ ਕਿ ਇਹ ਸਭ ਪੰਜਾਬੀ ਬੋਲੀ ਦੀਆਂ ਉਪਭਾਸ਼ਾਵਾਂ (Dialects) ਹਨ ਤੇ ਇਹਨਾਂ ਵਿਚਲਾ ਸ਼ਬਦ ਤੇ ਬੋਲ ਵਖਰੇਵਾਂ (Variation) ਸਿਰਫ਼ ਤੇ ਸਿਰਫ ਉਪਭਾਸ਼ਾਈ (Dialectical) ਹੈ।

ਅਸੀਂ ਇਹ ਵੀ ਜਾਣਦੇ ਹਾਂ ਕਿ ਪਾਣੀ ਦਾ ਸੁਆਦ ਚਾਰ ਕੋਹ 'ਤੇ ਬਦਲ ਜਾਂਦਾ ਹੈ ਤੇ "ਬਾਣੀ" ਦੇ ਬੋਲ ਬਾਰਾਂ ਕੁ ਕੋਹ ਉੱਤੇ ਬਦਲ ਜਾਂਦੇ ਹਨ । ਉਂਜ ਵੀ ਕੁਦਰਤ ਨੇ ਹਰ ਵਿਅਕਤੀ ਨੂੰ ਮੂੰਹ ਰੂਪੀ ਵਿਲੱਖਣ ਉਚਾਰ ਯੰਤਰ ਦਿੱਤਾ ਹੋਇਆ ਹੈ, ਜੋ ਹਰ ਬੋਲ ਆਪਣੇ ਹੀ ਨਿਆਰੇ ਢੰਗ ਤੇ ਲਹਿਜੇ ਨਾਲ ਉਚਾਰਦਾ ਹੈ, ਏਹੀ ਕਾਰਨ ਹੈ ਕਿ ਇੱਕ ਅੰਨ੍ਹਾ ਵਿਅਕਤੀ ਵੀ ਕਿਸੇ ਨੂੰ ਵੀ ਉਸ ਦੇ ਬੋਲ/ਆਵਾਜ ਤੋਂ ਪਹਿਚਾਣ ਲੈਂਦਾ ਹੈ।

ਮੁਕਦੀ ਗੱਲ ਇਹ ਕਿ ਪੰਜਾਬੀ ਸਭ ਪੰਜਾਬੀਆਂ ਦੀ ਬੋਲੀ ਹੈ, ਬੇਸ਼ੱਕ ਉਹ ਇਸ ਬੋਲੀ ਦੀ ਕਿਸੇ ਵੀ ਉਪਭਾਸ਼ਾ ਨਾਲ ਸਬੰਧ ਰੱਖਦੇ ਹੋਣ । ਪੰਜਾਬੀ ਦੀਆਂ ਸਮੂਹ ਉਪਭਾਸ਼ਾਵਾਂ ਦਾ ਆਪੋ ਆਪਣਾ ਰੰਗ ਹੈ । ਪੰਜਾਬ ਦੇ ਵੱਖੋ ਵੱਖ ਖੇਤਰਾਂ ਤੇ ਪਿੰਡਾਂ ਜਾਂ ਸ਼ਹਿਰਾਂ ਵਿਚ ਵਸਦੇ ਪੰਜਾਬੀ ਆਪਸੀ ਸੰਚਾਰ ਸਥਾਪਤੀ ਦੀ ਸਹੂਲਤ ਵਾਸਤੇ ਇਸ ਵਿਚ ਵਾਧਾ ਘਾਟਾ ਕਰਦੇ ਰਹਿੰਦੇ ਹਨ ਜੋ ਕਿ ਕਿਸੇ ਵੀ ਤਰਾਂ ਗੈਰ ਕੁਦਰਤੀ ਵਰਤਾਰਾ ਨਹੀਂ ਹੈ ਕੇ ਨਾ ਹੀ ਇਹ ਕੋਈ ਵਾਦ ਵਿਵਾਦ ਦਾ ਮੁੱਦਾ ਬਣਦਾ ਹੈ।

ਰਹੀਮ ਯਾਰ ਖਾਨ ਵਿਖੇ ਆਯੋਜਿਤ ਹੋਈ ਪਹਿਲੀ ਅੰਤਰ ਰਾਸ਼ਟਰੀ ਰੋਹੀ ਕਾਨਫਰੰਸ ਆਪਣੇ ਮਿਸ਼ਨ ਵਿਚ ਪੂਰੀ ਤਰਾਂ ਕਾਮਯਾਬ ਰਹੀ ਹੈ। ਇਸ ਰਾਹੀ ਲੋਕਾਂ ਨੂੰ ਆਪਣੇ ਮੂਲ ਵਿਰਸੇ ਤੇ ਪੰਜਾਬੀ ਬੋਲੀ ਨਾਲ ਜੋੜਨ ਦਾ ਸਫਲ ਉਪਰਾਲਾ ਕੀਤਾ ਗਿਆ ਜਿਸ ਨੂੰ ਉਥੋਂ ਦੇ ਅਵਾਮ ਵਲੋਂ ਭਰਵਾਂ ਹੁੰਗਾਰਾ ਵੀ ਮਿਲਿਆ। ਇਸ ਕਾਨਫਰੰਸ ਦੇ ਆਯੋਜਿਨ ਨਾਲ ਇਸ ਇਲਾਕੇ ਵਿਚ ਪੰਜਾਬੀ ਬੋਲੀ ਤੇ ਸੱਭਿਆਚਾਰ ਪ੍ਰਤੀ ਇਕ ਨਵੀਂ ਜਾਗਿਤੀ ਪੈਦਾ ਹੋਈ ਤੇ ਇਕ ਨਵੀਂ ਲਹਿਰ ਚੱਲੀ ਹੈ, ਇਕ ਨਵੀਂ ਸ਼ੁਰੂਆਤ ਹੋਈ ਹੈ, ਜਿਸ ਦੇ ਵਧੀਆ ਨਤੀਜੇ ਆਉਣ ਵਾਲੇ ਸਮੇਂ ਵਿਚ ਮਿਲਣ ਦੀ ਪੂਰਨ ਆਸ ਹੈ। ਇਸ ਕਾਨਫਰੰਸ ਦੇ ਸਫਲ ਆਯੋਜਿਤ ਵਾਸਤੇ ਇਸ ਦੇ ਸਮੂਹ ਪਰਬੰਧਕ ਵੱਡੀ ਵਧਾਈ ਤੇ ਧੰਨਵਾਦ ਦੇ ਪਾਤਰ ਹਨ।

ਪੰਜਾਬ ਵਾਲਿਆਂ ਦੀ ਕੀ ਗੱਲ ਕਰੀਏ !

# ਇੱਥੇ ਤਾਂ ਆਸਟਰੇਲੀਆ ਵਾਲੇ ਪੰਜਾਬੀ ਵੀ ਨਹੀਂ ਬਖਸ਼ਦੇ




ਬਲਬੀਰ ਸਿੰਘ ਬੱਬੀ

ਇਸ ਵੇਲੇ ਪੰਜਾਬ ਵਿੱਚ ਅਮਨ ਕਾਨੂੰਨ ਦੀ ਜੋ ਸਥਿਤੀ ਹੈ ਉਹ ਅਸੀਂ ਰੋਜਾਨਾ ਹੀ ਖਬਰਾਂ ਵਿੱਚੋਂ ਦੇਖਦੇ ਸੁਣਦੇ ਹਾਂ ਪੰਜਾਬ ਵਿੱਚ ਲੁੱਟਾਂ ਖੋਹਾਂ ਡਕੈਤੀਆਂ ਕਤਲ ਰੋਜ ਬਣਾ ਕੁਝ ਰੋਜਾਨਾ ਹੀ ਸਾਹਮਣੇ ਆ ਰਿਹਾ ਹੈ ਜਿਸ ਨੂੰ ਦੇਖ ਕੇ ਫਿਕਰਮੰਦੀ ਵੀ ਹੁੰਦੀ ਹੈ ਪਰ ਦੂਜੇ ਪਾਸੇ ਅੰਗਰੇਜ਼ਾਂ ਦੇ ਮੁਲਕਾਂ ਵਿੱਚ ਜਿੱਥੇ ਜਾ ਕੇ ਵਧੀਆ ਜਿੰਦਗੀ ਬਤੀਤ ਕਰ ਰਹੇ ਸਾਡੇ ਕੁਝ ਪੰਜਾਬੀ ਕੀ ਕੁਝ ਕਰ ਰਹੇ ਹਨ ਇਹ ਵੀ ਅਕਸਰ ਹੀ ਸਾਹਮਣੇ ਆ ਜਾਂਦਾ ਹੈ।

ਪਰ ਬਠਿੰਡਾ ਦੇ ਗੋਨਿਆਣਾ ਇਲਾਕੇ ਦੇ ਵਿੱਚ ਐਨਆਰਆਈ ਜੋੜੇ ਦੀ ਅਜੀਬ ਜਿਹੀ ਕਹਾਣੀ ਸਾਹਮਣੇ ਆਈ ਹੈ ਜੋ ਆਸਟਰੇਲੀਆ ਤੋਂ ਆਇਆ ਹੋਇਆ ਪਤੀ ਪਤਨੀ ਹੈ ਬੀਤੇ ਦਿਨੀ ਇੱਕ ਵਿਆਹ ਵਿੱਚ ਜਾਂਦੇ ਹਨ ਉੱਥੇ ਦਾਰੂ ਆਦਿ ਵਿੱਚ ਮਸਤ ਹੋ ਕੇ ਆਪਸ ਵਿੱਚ ਲੜਾਈ ਕਰਨ ਲੱਗ ਜਾਂਦੇ ਹਨ ਤੇ ਉਸ ਇਲਾਕੇ ਵਿੱਚ ਹੀ ਉਹਨਾਂ ਲੜਦਿਆਂ ਝਗੜਦਿਆਂ ਨੂੰ ਦੇਖ ਗੱਡੀ ਵਿੱਚ ਜਾ ਰਹੇ ਨੌਜਵਾਨ ਛੁਡਾਉਣ ਲੱਗਦੇ ਹਨ ਤੇ ਇੱਥੋਂ ਹੀ ਉਲਟੀ ਕਹਾਣੀ ਸ਼ੁਰੂ ਹੋ ਜਾਂਦੀ ਹੈ। ਇਹ ਐਨਆਰਆਈ ਜੋੜਾ ਉਹਨਾਂ ਨੌਜਵਾਨਾਂ ਉੱਪਰ ਹੀ ਗੋਨਿਆਣਾ ਮੰਡੀ ਦੇ ਬਾਈਪਾਸ ਤੇ ਹੋਈ 40 ਤੋਲੇ ਸੋਨੇ ਦੀ ਲੁੱਟ ਨਕਲੀ ਡਰਾਮਾ ਕਰਦਾ ਹੈ।

ਆਪਾਂ ਦੋ ਦਿਨ ਪਹਿਲਾਂ ਇੱਕ ਖਬਰ ਵਾਇਰਲ ਹੋਈ ਦੇਖੀ ਹੋਣੀ ਹੈ ਕਿ ਇਕ ਐਨਆਰਆਈ ਜੋੜੇ ਵੱਲੋਂ ਥਾਣਾ ਨੇਹੀਆਂ ਵਾਲਾ ਵਿਖੇ ਇੱਕ ਰਿਪੋਰਟ ਦਰਜ ਕਰਾਈ ਗਈ ਸੀ ਵਿਆਹ ਤੋਂ ਵਾਪਸ ਜਾ ਰਹੇ ਇਸ ਐਨਆਰਆਈ ਜੋੜੇ ਨੂੰ ਗੋਨਿਆਣਾ ਮੰਡੀ ਦੇ ਬਾਈਪਾਸ ਤੇ ਲੁੱਟਿਆ ਜਾਂਦਾ ਹੈ ਜਿੱਥੇ ਕਿ ਉਹਨਾਂ ਤੋਂ ਤਕਰੀਬਨ 40 ਤੋਲੇ ਸੋਨਾ ਖੋਹ ਲਿਆ ਜਾਂਦਾ ਹੈ ਅਤੇ ਉਹਨਾਂ ਦੀ ਕੁੱਟਮਾਰ ਵੀ ਕੀਤੀ ਜਾਂਦੀ ਹੈ ਤਾਂ ਉਹਨਾਂ ਵੱਲੋਂ ਜੋ ਵੀਡੀਓ ਦਿੱਤੀ ਗਈ ਸੀ ਜਿਸ ਵਿੱਚ ਇੱਕ ਵਿਅਕਤੀ ਭੱਜ ਰਿਹਾ ਹੈ ਤਾਂ ਪੁਲਿਸ ਵੱਲੋਂ ਤਫਤੀਸ਼ ਸ਼ੁਰੂ ਕੀਤੀ ਗਈ ਤਾਂ ਪਤਾ ਲੱਗਿਆ ਕਿ ਇਹ ਸਾਰੀ ਕਹਾਣੀ ਮਨਘੜਤ ਸੀ ਅਸਲੀਅਤ ਸਗੋਂ ਇਹ ਸੀ ਕਿ ਇਹ ਦੋਨੋਂ ਮੀਆਂ ਬੀਬੀ ਗੋਨਿਆਣਾ ਮੰਡੀ ਦੇ ਬਾਈਪਾਸ ਉੱਪਰ ਇੱਕ ਦੂਸਰੇ ਨਾਲ ਲੜ ਰਹੇ ਸੀ ਤੇ ਵਿਆਹ ਤੋਂ ਵਾਪਸ ਆ ਰਹੇ ਇਸ ਬੰਦੇ ਦੀ ਸ਼ਰਾਬ ਪੀਤੀ ਹੋਈ ਸੀ ਅਤੇ ਉਸੇ ਸਮੇਂ ਇਹਨਾਂ ਦੇ ਕੋਲੋਂ ਐਰਟਿਕਾ ਗੱਡੀ ਲੰਘਦੀ ਹੈ ਤਾਂ ਉਹ ਸੁਭਾਵਿਕ ਹੀ ਇਹਨਾਂ ਨੂੰ ਲੜਨ ਤੋਂ ਰੋਕਣ ਲਈ ਯਤਨ ਕਰਦੇ ਨੇ ਤਾਂ ਉਲਟਾ ਇਹ ਦੋਨੋਂ ਮੀਆਂ ਬੀਬੀ ਉਹਨਾਂ ਦੇ ਹੀ ਗਲ ਪੈ ਜਾਂਦੇ ਨੇ ਉਸ ਤੋਂ ਬਾਅਦ ਉਹ ਮੁੰਡੇ ਆਪਣੀ ਗੱਡੀ ਵਿੱਚ ਬੈਠਦੇ ਨੇ ਤੇ ਚਲੇ ਜਾਂਦੇ ਹਨ । ਇਹ ਸਾਰੇ ਮੁੰਡੇ ਜਿੰਨਾ ਉੱਪਰ ਝੂਠੇ ਇਲਜਾਮ ਲਾਏ ਗਏ ਸੀ ਉਹ ਵਾਲੀਬਾਲ ਟੀਮ ਦੇ ਖਿਡਾਰੀ ਸਨ ਜਦੋਂ ਜਾਂਚ ਦੌਰਾਨ ਬਿਲਕੁਲ ਨਿਰਦੋਸ਼ ਪਾਏ ਗਏ ਅਤੇ ਇਸ ਐਨਆਰਆਈ ਜੋੜੇ ਉੱਪਰ ਝੂਠੀ ਦਰਖਾਸਤ ਦੇਣ ਅਤੇ ਪੁਲਿਸ ਨੂੰ ਗਲਤ ਜਾਣਕਾਰੀ ਦੇਣ ਦੇ ਸਬੰਧ ਵਿੱਚ ਬਣਦੀ ਧਾਰਾ ਦੇ ਅਧੀਨ ਇਹਨਾਂ ਦੋਨਾਂ ਮੀਆਂ ਬੀਬੀ ਉੱਪਰ ਪਰਚਾ ਦਰਜ ਕੀਤਾ ਗਿਆ।

ਇਹ ਦੋਨੋਂ ਮੀਆਂ ਬੀਬੀ ਬਾਈ ਪਾਸ ਗੋਨਿਆਣਾ ਤੋਂ ਲਗਭਗ ਦੋ ਕਿਲੋਮੀਟਰ ਦੂਰ ਆਪਣੇ ਰਿਸ਼ਤੇਦਾਰਾਂ ਦੇ ਵਿਆਹ ਵਿੱਚੋਂ ਆ ਰਹੇ ਸੀ ਤਾਂ ਜਦੋਂ ਪੁਲਿਸ ਨੇ ਇਸ ਐਨਆਰਆਈ ਕੁੜੀ ਨੂੰ ਪੁੱਛਿਆ ਕਿ ਤੂੰ ਇਹ ਸਭ ਡਰਾਮਾ ਕਿਉਂ ਰਚਿਆ ਤਾਂ ਉਸਨੇ ਗੱਲ ਗੋਲ ਮੋਲ਼ ਕਰਦੇ ਹੋਏ ਕਿਹਾ ਕਿ ਮੈਨੂੰ ਲੋਕਾਂ ਨੇ ਕਿਹਾ ਸੀ ਕਿ ਜੇਕਰ ਤੂੰ ਇਹ ਕਹੇਗੀ ਕਿ ਮੇਰੇ ਨਾਲ ਬਹੁਤ ਵੱਡੀ ਲੁੱਟ ਹੋਈ ਹੈ ਤਾਂ ਸ਼ਾਇਦ ਪੁਲਿਸ ਜਲਦੀ ਕਾਰਵਾਈ ਕਰ ਦੇਊਗੀ। ਬਠਿੰਡਾ ਦੀ ਐਸਐਸਪੀ ਅਮਨੀਤ ਕੋਂਡਲ ਨੇ ਖੁਦ ਅੱਗੇ ਹੋ ਕੇ ਇਸ ਸਾਰੇ ਕੇਸ ਨੂੰ ਦੇਖਿਆ, ਚੰਗੇ ਅਫਸਰਾਂ ਦੀਆਂ ਡਿਊਟੀਆਂ ਲਗਾ ਕੇ ਸੱਚ ਸਾਹਮਣੇ ਲਿਆਂਦਾ ਇੱਕ ਪੱਤਰਕਾਰ ਸੰਮੇਲਨ ਵੀ ਕੀਤਾ ਗਿਆ ਤੇ ਇਹ ਜੋ ਆਸਟਰੇਲੀਆ ਦਾ ਪੰਜਾਬੀ ਜੋੜਾ ਇਸ ਵੇਲੇ ਹਵਾਲਾਤ ਵਿੱਚ ਸਖਤ ਧਰਾਵਾਂ ਲਾ ਕੇ ਹਵਾਲਾਤ ਵਿੱਚ ਬੰਦ ਕੀਤਾ ਗਿਆ ਜਦੋਂ ਇਸ ਜੋੜੇ ਨੂੰ ਪੱਤਰਕਾਰਾਂ ਸਾਹਮਣੇ ਪੇਸ਼ ਕੀਤਾ ਤਾਂ ਲੜਕੀ ਨੇ ਇਹੀ ਕਿਹਾ ਕਿ ਸੌਰੀ....।

ਹੁਣ ਇਸ ਜੋੜੇ ਨੂੰ ਜੇਲ ਵਿੱਚ ਭੇਜਿਆ ਜਾਵੇਗਾ ਫਿਰ ਅੱਗੇ ਜ਼ਮਾਨਤ ਜਾਂ ਹੋਰ ਕੋਈ ਕਾਰਵਾਈ ਕਦੋਂ ਸ਼ੁਰੂ ਹੋਵੇਗੀ ਇਹ ਲੰਮੀ ਪ੍ਰਕਿਰਿਆ ਹੈ ਪਰ ਸਾਡੇ ਕੁਝ ਸੌੜੀ ਸੋਚ ਦੇ ਪੰਜਾਬੀ ਵਿਦੇਸ਼ਾਂ ਵਿੱਚ ਜਾ ਕੇ ਵੀ ਨਹੀਂ ਸੁਧਰਦੇ ਉਹਨਾਂ ਦਾ ਕੀ ਕੀਤਾ ਜਾਵੇ ਪਰ ਹੁਣ ਜਦੋਂ ਪੰਜਾਬ ਪੁਲਿਸ ਦੀ ਕਾਰਵਾਈ ਹੋਈ ਤਾਂ ਸੌਰੀ ਚੇਤੇ ਆਈ ਨਹੀਂ ਤਾਂ ਇਹਨਾਂ ਨੇ ਬੇਦੋਸ਼ੇ ਖਿਡਾਰੀ ਹੀ ਫਸਾ ਦੇਣੇ ਸਨ।

# ਗ਼ਜ਼ਲ

ਲੋਕਾਂ ਦੇ ਘਰ ਫੋਲੀ ਜਾਨਾਂ ਅਪਣਾ ਵੀਂ ਘਰ ਫੋਲ ਕਿਤੇ।
ਅਪਣੇ ਹਉਮੇਂ ਦੀ ਤਕੜੀ ਵਿਚ ਅਪਣੇ ਮਨ ਨੂੰ ਤੋਲ ਕਿਤੇ।
ਸ਼ਾਇਦ ਨੇੜ੍ਹੇ ਦੇ ਜੀਵਨ ਵਿਚ ਕੁਝ ਉਪਲਬਧੀ ਆ ਜਾਵੇ,
ਅਪਣੀਂ ਸਿਰਜਨਤਾ ਦੇ ਵਿੱਚੋਂ ਥੋੜ੍ਹਾ ਚਾਨਣ ਡੋਲ੍ਹ ਦਿੱਤੇ।
ਹੋਰਾਂ ਦੀ ਤੂੰ ਜੀਵਨ ਸ਼ੈਲੀ ਖਿੱਦੋ ਖੂੰਡੀ ਸਮਝ ਰਿਹਾਂ,
ਖੋਲ੍ਹ ਸਕੇ ਤਾਂ ਅਪਣੇ ਦਿਲ ਦੀ ਤੂੰ ਵੀਂ ਘੁੰਢੀ ਖੋਲ੍ਹ ਕਿਤੇ।
ਜੰਗਲ ਬੀਆ ਬਾਨ ਉਜਾੜਾਂ ਨੂੰ ਖ਼ੁਸ਼ਹਾਲੀ ਮਿਲ ਜਾਏ,
ਚਾਰੇ ਪਾਸੇ ਖ਼ੁਸ਼ਬੂ ਘੁਲ ਜਾਏ ਮੂੰਹੋਂ ਕੁਝ ਤਾਂ ਬੋਲ ਕਿਤੇ।
ਦੁਨੀਆਂ ਉਤੇ ਪਿਆਰ ਮੁਹੱਬਤ ਦਾ ਸੰਦੇਸ਼ਾਂ ਆਵੇਗਾ,
ਨਫ਼ਰਤ ਵਾਲੇ ਕੀੜ-ਮਕੌੜੇ ਪੈਰਾਂ ਦੇ ਵਿਚ ਰੋਲ ਕਿਤੇ।
ਸ਼ਬਨਮ ਨੂੰ ਤਾਂ ਸੂਰਜ ਦੀ ਬਸ ਇਕ ਝਲਕ ਹੀ ਕਾਫ਼ੀ ਹੈ,
ਦੋ ਘੜੀਆਂ ਹੀ ਵਕਤ ਬਿਤਾ ਜਾ ਬਹਿ ਜਾ ਸਾਡੇ ਕੋਲ ਕਿਤੇ।
ਕੂਲੇ-ਕੂਲੇ ਮਖ਼ਮਲ ਵਰਗੇ ਪੈਰਾਂ ਚੋਂ ਝਾਂਜਰ ਛਣਕਾਅ,
ਖਾਲੀ ਅੰਬਰ ਵਿਚ ਸੱਤ ਰੰਗੀ ਪੀਂਘ ਦੁਬਾਰਾ ਘੋਲ ਕਿਤੇ।
ਜੀਵਨ ਦੇ ਵਿਚ ਹੋ ਜਾਂਦਾ ਏਦਾਂ ਵੀਂ ਫਿਰ ਕਿਧਰੇ-ਕਿਧਰੇ,
ਅੱਖ ਦਾ ਪੇਚਾ ਏਧਰ ਲੱਗਾ ਨਜ਼ਰਾਂ ਕਰ ਗਈਆਂ ਗੋਲ ਕਿਤੇ।
ਬਾਲਮ ਸੋਚਾਂ ਦੀ ਵਰਮੀ ਵਿਚ ਲੋਕਾਂ ਸੱਪ ਖੜੱਪੇ ਪਾਲੇ,
ਇਸ ਜਗ ਤੋਂ ਤੂੰ ਬਚ ਕੇ ਰਹਿਣਾ ਸਮਝੀਂ ਨਾ ਅਣਭੋਲ ਕਿਤੇ।

ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ, ਗੁਰਦਾਸਪੁਰ ਪੰਜਾਬ
ਮੋ - 98156-25409

ਕਵਿਤਾ

# ਨਹੀਂ ਮੁੱਕਦੀ ਉਡੀਕ

ਰਚਨਾਵਾਂ ਮੇਰੀਆਂ,
ਅਧੂਰੀਆਂ ਨੇ, ਬਿਨ ਤੇਰੇ।
ਨਹੀਂ ਪੜ੍ਹਨਾ,ਸੁਣਨਾ,
ਗਾਉਣਾ ਕਿਸੇ,ਬਿਨ ਮੇਰੇ।

ਲਿਖ ਗਾ,ਖ਼ੁਦ ਹੀ,
ਵਹਿਮ ਪਾਲੀ, ਬੈਠਾ ਹਾਂ।
ਤੂੰ ਕੀ ਜਾਣੇ,ਸਾਲ ਕਿੰਨੇ ਹੀ,
ਤੇਰੇ ਲਈ ਗਾਲੀ ਬੈਠਾ ਹਾਂ।

ਖੱਟੀ ਬਦਨਾਮੀ,ਤੇਰੇ ਪਿੱਛੇ,
ਨਾ ਅਸਾਂ,ਇੱਜ਼ਤ ਕਮਾਈ ਐ।
ਨਾ ਆਇਆ,ਰਾਸ ਇਸ਼ਕ,
ਨਾ ਆਈ,ਤਨਹਾਈ ਐ।

ਨਹੀਂ ਮੁੱਕਦੀ ਉਡੀਕ,
ਉਡਾਰੀ ਲਾਉਂਦਿਆਂ ਦੀ,
ਆਉਣਾ ਏ,ਪਤਾ ਨਹੀਂ,
ਕਦੋਂ ਆਉਣਾ ਏ।
ਨਾ ਮਿਲਾਏ ਨੈਣ,
ਕਦੇ ਕਿਸੇ ਪਲ ਵੀ,ਪੱਲ ਵੀ,
ਲੰਘ ਜਾਣਾ,ਵੱਟ ਪਾਸਾ,
ਜਦ ਆ ਮੌਤ,ਮੈਨੂੰ ਮਨਾਉਣਾ ਏ।

ਸਰਬਜੀਤ ਸੰਗਰੂਰਵੀ
94631-62463






# ਗਿੱਪੀ ਗਰੇਵਾਲ ਦੀ 'ਅਕਾਲ'

## 10 ਅਪ੍ਰੈਲ ਨੂੰ ਵੱਡੇ ਪਰਦੇ 'ਤੇ ਆਵੇਗੀ ਨਜ਼ਰ






ਹੰਬਲ ਮੋਸ਼ਨ ਪਿਕਚਰਜ਼ ਤੇ ਐੱਫ. ਜ਼ੈੱਡ. ਸੀ. ਓ. ਆਪਣੀ ਆਉਣ ਵਾਲੀ ਫ਼ਿਲਮ 'ਅਕਾਲ' ਦਾ ਅਧਿਕਾਰਤ ਪੋਸਟਰ ਜਾਰੀ ਕਰਕੇ ਬੇਹੱਦ ਖ਼ੁਸ਼ ਹਨ, ਜੋ 10 ਅਪ੍ਰੈਲ, 2025 ਨੂੰ ਦੁਨੀਆ ਭਰ 'ਚ ਰਿਲੀਜ਼ ਹੋਣ ਵਾਲੀ ਹੈ ਅਸਲ ਯੋਧਿਆਂ ਦੀਆਂ ਕਹਾਣੀਆਂ ਤੋਂ ਪ੍ਰੇਰਿਤ 'ਅਕਾਲ' ਗਿੱਪੀ ਗਰੇਵਾਲ ਵਲੋਂ ਨਿਰਦੇਸ਼ਿਤ ਫ਼ਿਲਮ ਹੈ। ਇਸ 'ਚ ਗਿੱਪੀ ਗਰੇਵਾਲ, ਗੁਰਪ੍ਰੀਤ ਘੁੱਗੀ, ਨਿਮਰਤ ਖਹਿਰਾ, ਸ਼ਿੰਦਾ ਗਰੇਵਾਲ, ਨਿਕਿਤਿਨ ਧੀਰ, ਮੀਤਾ ਵਸ਼ਿਸ਼ਟ ਤੇ ਹੋਰ ਕਲਾਕਾਰ ਸ਼ਾਮਲ ਹਨ। ਗਿੱਪੀ ਗਰੇਵਾਲ ਤੇ ਰਵਨੀਤ ਕੌਰ ਗਰੇਵਾਲ ਵਲੋਂ ਨਿਰਮਿਤ ਇਹ ਫ਼ਿਲਮ ਸਾਡੇ ਯੋਧਿਆਂ ਦੀ ਬਹਾਦਰੀ ਤੇ ਸਨਮਾਨ ਨੂੰ ਸ਼ਰਧਾਂਜਲੀ ਦਿੰਦੀ ਹੈ। ਪੋਸਟਰ 'ਚ ਸਟਾਰ ਸਟਡਿਡ ਕਾਸਟ ਸ਼ਾਨਦਾਰ ਕਿਰਦਾਰਾਂ 'ਚ ਦਿਖਾਈ ਦੇ ਰਹੀ ਹੈ, ਜਿਸ 'ਚ ਗਿੱਪੀ ਗਰੇਵਾਲ ਇਕ ਐਕਸ਼ਨ ਪੈਕਡ ਲੁੱਕ 'ਚ, ਗੁਰਪ੍ਰੀਤ ਘੁੱਗੀ ਇਕ ਪਹਿਲਾਂ ਕਦੇ ਨਾ ਦੇਖੀ ਗਈ ਪੇਸ਼ਕਾਰੀ 'ਚ ਤੇ ਨਿਮਰਤ ਖਹਿਰਾ ਇਕ ਪੂਰੀ ਤਰ੍ਹਾਂ ਅਣਜਾਣ ਪਰ ਮਨਮੋਹਕ ਦਿੱਖ 'ਚ ਹਨ। ਸ਼ਿੰਦਾ ਗਰੇਵਾਲ, ਨਿਕਿਤਿਨ ਧੀਰ ਤੇ ਮੀਤਾ ਵਸ਼ਿਸ਼ਟ ਵੀ ਆਪਣੇ ਸ਼ਕਤੀਸ਼ਾਲੀ ਕਿਰਦਾਰਾਂ ਨਾਲ ਸਥਾਈ ਪ੍ਰਭਾਵ ਪਾਉਂਦੇ ਹਨ।

ਗਿੱਪੀ ਗਰੇਵਾਲ ਨੇ ਕਿਹਾ, ''ਅਸੀਂ 'ਅਕਾਲ' ਦਾ ਪੋਸਟਰ ਆਪਣੇ ਪ੍ਰਸ਼ੰਸਕਾਂ ਨਾਲ ਸਾਂਝਾ ਕਰਨ ਲਈ ਉਤਸ਼ਾਹਿਤ ਹਾਂ। ਇਹ ਫ਼ਿਲਮ ਪਿਆਰ ਦੀ ਮਿਹਨਤ, ਇਕ ਸ਼ਰਧਾਂਜਲੀ ਤੇ ਇਕ ਯਾਤਰਾ ਹੈ, ਜੋ ਸਾਡੇ ਪੰਜਾਬ ਦੇ ਯੋਧਿਆਂ ਦੀ ਬਹਾਦਰੀ ਤੇ ਕੁਰਬਾਨੀ ਦਾ ਸਨਮਾਨ ਕਰਦੀ ਹੈ, ਜਿਨ੍ਹਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ ਹਨ। ਸਾਨੂੰ ਵਿਸ਼ਵਾਸ ਹੈ ਕਿ ਦਰਸ਼ਕ ਇਸ ਨੂੰ ਪਸੰਦ ਕਰਨਗੇ।''

## ਗਿੱਪੀ ਗਰੇਵਾਲ ਦੀ 'ਅਕਾਲ' ਦਾ ਪੋਸਟਰ ਰਿਲੀਜ਼, ਸਿੱਖ ਪਹਿਰਾਵੇ 'ਚ ਨਜ਼ਰ ਆਏ ਸਾਰੇ ਸਿਤਾਰੇ

ਹਾਲ ਹੀ ਦੇ ਸਮੇਂ ਵਿੱਚ 'ਅਰਦਾਸ ਸਰਬੱਤ ਦੇ ਭਲੇ ਦੀ' ਦਾ ਨਿਰਮਾਣ ਕਰ ਚੁੱਕੇ ਅਦਾਕਾਰ ਅਤੇ ਗਾਇਕ ਗਿੱਪੀ ਗਰੇਵਾਲ ਵੱਲੋਂ ਅਪਣੇ ਹੋਮ ਪ੍ਰੋਡੋਕਸ਼ਨ ਅਧੀਨ ਨਿਰਮਿਤ ਕੀਤੀ ਅਪਣੀ ਇੱਕ ਹੋਰ ਵੱਡੀ ਅਤੇ ਬਹੁ-ਚਰਚਿਤ ਫਿਲਮ 'ਅਕਾਲ' ਦੀ ਪਹਿਲੀ ਝਲਕ ਅੱਜ ਜਾਰੀ ਕਰ ਦਿੱਤੀ ਹੈ, ਜੋ ਜਲਦ ਹੀ ਦੁਨੀਆ ਭਰ ਵਿੱਚ ਪ੍ਰਦਸ਼ਿਤ ਹੋਣ ਜਾ ਰਹੀ ਹੈ। 'ਹੰਬਲ ਮੋਸ਼ਨ ਪਿਕਚਰਸ' ਵੱਲੋਂ ਪੇਸ਼ ਕੀਤੀ ਜਾ ਰਹੀ ਇਸ ਫਿਲਮ ਦਾ ਨਿਰਮਾਣ ਰਵਨੀਤ ਕੌਰ ਗਰੇਵਾਲ, ਜਦਕਿ ਲੇਖਨ ਅਤੇ ਨਿਰਦੇਸ਼ਨ ਗਿੱਪੀ ਗਰੇਵਾਲ ਦੁਆਰਾ ਕੀਤਾ ਗਿਆ ਹੈ। ਪੀਰੀਅਡ ਫਿਲਮ ਦੇ ਰੂਪ ਵਿੱਚ ਸਾਹਮਣੇ ਲਿਆਂਦੀ ਜਾ ਰਹੀ ਇਸ ਫਿਲਮ ਵਿੱਚ ਗਿੱਪੀ ਗਰੇਵਾਲ ਅਤੇ ਨਿਮਰਤ ਖਹਿਰਾ ਵੱਲੋਂ ਲੀਡਿੰਗ ਕਿਰਦਾਰ ਪਲੇਅ ਕੀਤੇ ਗਏ ਹਨ, ਜਿੰਨ੍ਹਾਂ ਤੋਂ ਇਲਾਵਾ ਮੀਤਾ ਵਸ਼ਿਸ਼ਠ, ਅਸ਼ੀਸ਼ ਦੁੱਗਲ, ਏਕਮ ਗਰੇਵਾਲ, ਸ਼ਿੰਦਾ ਗਰੇਵਾਲ, ਪ੍ਰਿੰਸ ਕੰਵਲਜੀਤ ਸਿੰਘ, ਜੱਗੀ ਸਿੰਘ, ਹਰਿੰਦਰ ਭੁੱਲਰ ਵੀ ਮਹੱਤਵਪੂਰਨ ਕਿਰਦਾਰਾਂ ਵਿੱਚ ਹਨ। ਪੰਜਾਬ ਦੇ ਫ਼ਤਿਹਗੜ੍ਹ ਸਾਹਿਬ ਦੇ ਹਿੱਸਿਆਂ ਵਿੱਚ ਫਿਲਮਾਈ ਗਈ ਉਕਤ ਫਿਲਮ ਦਾ ਖਾਸ ਆਕਰਸ਼ਨ ਬਾਲੀਵੁੱਡ ਦੇ ਪ੍ਰਸਿੱਧ ਐਕਟਰ ਨਿਕਿਤਿਨ ਧੀਰ ਵੀ ਹੋਣਗੇ, ਜੋ ਇਸ ਫਿਲਮ ਵਿੱਚ ਨਿਭਾਏ ਕਾਫ਼ੀ ਪ੍ਰਭਾਵੀ ਰੋਲ ਦੁਆਰਾ ਪਾਲੀਵੁੱਡ ਵਿੱਚ ਸ਼ਾਨਦਾਰ ਡੈਬਿਊ ਕਰਨ ਜਾ ਰਹੇ ਹਨ।

10 ਅਪ੍ਰੈਲ 2025 ਨੂੰ ਵਰਲਡ-ਵਾਈਡ ਪ੍ਰਦਸ਼ਿਤ ਕੀਤੀ ਜਾ ਰਹੀ ਉਕਤ ਫਿਲਮ ਨਾਲ ਜੁੜੇ ਕੁਝ ਹੋਰ ਅਹਿਮ ਪਹਿਲੂਆਂ ਵੱਲ ਨਜ਼ਰਸਾਨੀ ਕੀਤੀ ਜਾਵੇ ਤਾਂ ਬਿੱਗ ਸੈੱਟਅੱਪ ਅਤੇ ਵਿਸ਼ਾਲ ਕੈਨਵਸ ਅਧੀਨ ਵਜੂਦ ਵਿੱਚ ਲਿਆਂਦੀ ਗਈ ਉਕਤ ਫਿਲਮ ਦੇ ਸਿਨੇਮਾਟੋਗ੍ਰਾਫ਼ਰ ਬਲਜੀਤ ਸਿੰਘ ਦਿਓ, ਸਹਿ ਨਿਰਮਾਣਕਾਰ ਭਾਨਾ ਲਾ, ਕਾਰਜਕਾਰੀ ਨਿਰਮਾਤਾ ਹਰਦੀਪ ਦੁੱਲਟ, ਸੰਗੀਤਕਾਰ ਸ਼ੰਕਰ ਅਹਿਸਾਸ ਲੋਏ ਅਤੇ ਗੀਤਕਾਰ ਹੈਪੀ ਰਾਏਕੋਟੀ ਹਨ। ਸਾਲ 2025 ਦੀ ਪਹਿਲੀ ਪੀਰੀਅਡ ਅਤੇ ਧਾਰਮਿਕ ਫਿਲਮ ਦੇ ਤੌਰ ਉਤੇ ਰਿਲੀਜ਼ ਹੋਣ ਜਾ ਰਹੀ ਉਕਤ ਫਿਲਮ ਵਿੱਚ ਸਿੱਖ ਇਤਿਹਾਸ ਦੀ ਤਰਜ਼ਮਾਨੀ ਕਰਦੇ ਕਾਫ਼ੀ ਵਿਲੱਖਣ ਰੋਲ ਅਦਾ ਕਰਦੇ ਵਿਖਾਈ ਦੇਣਗੇ ਅਦਾਕਾਰ ਗਿੱਪੀ ਗਰੇਵਾਲ ਅਤੇ ਨਿਮਰਤ ਖਹਿਰਾ, ਜਿੰਨ੍ਹਾਂ ਵੱਲੋਂ ਪਹਿਲੀ ਵਾਰ ਇਸ ਤਰ੍ਹਾਂ ਦੀਆਂ ਚੁਣੌਤੀਪੂਰਨ ਭੂਮਿਕਾਵਾਂ ਨੂੰ ਅੰਜ਼ਾਮ ਦਿੱਤਾ ਗਿਆ ਹੈ। ਨਿਰਮਾਣ ਪੜ੍ਹਾਅ ਤੋਂ ਹੀ ਚਰਚਾ ਦਾ ਕੇਂਦਰ ਬਿੰਦੂ ਬਣੀ ਇਹ ਫਿਲਮ ਗਿੱਪੀ ਗਰੇਵਾਲ ਦੇ ਹੋਮ ਪ੍ਰੋਡੋਕਸ਼ਨ ਹਾਊਸ ਵੱਲੋਂ ਬਣਾਈ ਗਈ ਪਹਿਲੀ ਇਤਿਹਾਸਿਕ ਫਿਲਮ ਹੈ, ਜਿਸ ਨੂੰ ਉਨ੍ਹਾਂ ਵੱਲੋਂ ਵੱਡੇ ਬਜਟ ਅਤੇ ਉੱਚ ਪੱਧਰੀ ਸਿਰਜਨਾਤਮਕਤਾ ਅਧੀਨ ਬਣਾਇਆ ਗਿਆ ਹੈ।

# ਨਿਰਮਲ ਰਿਸ਼ੀ ਪੰਜਾਬੀ ਸਿਨੇਮਾ ਦੀ 'ਬਾਬਾ ਬੋਹੜ'



ਨਿਰਮਲ ਰਿਸ਼ੀ ਪੰਜਾਬੀ ਸਿਨੇਮਾ ਦੀ 'ਬਾਬਾ ਬੋਹੜ' ਹੈ, ਸ਼ਾਇਦ ਹੀ ਕੋਈ ਪੰਜਾਬੀ ਫਿਲਮ ਹੋਵੇ, ਜਿਸ 'ਚ ਇਸ ਅਦਾਕਾਰਾ ਨੂੰ ਸ਼ਾਮਲ ਨਾ ਕੀਤਾ ਗਿਆ ਹੋਵੇ, ਦੂਜੇ ਸ਼ਬਦਾਂ 'ਚ ਕਹਿ ਸਕਦੇ ਹਾਂ ਕਿ ਪੰਜਾਬੀ ਸਿਨੇਮਾ ਦੀਆਂ ਫਿਲਮਾਂ ਇਸ ਅਦਾਕਾਰਾ ਤੋਂ ਬਿਨ੍ਹਾਂ ਅਧੂਰੀਆਂ ਹਨ।

ਹੁਣ ਨਿਰਮਲ ਰਿਸ਼ੀ, ਰੁਪਿੰਦਰ ਰੂਪੀ, ਸੀਮਾ ਕੌਸ਼ਲ ਅਤੇ ਗੁਰਪ੍ਰੀਤ ਭੰਗੂ ਨੇ ਆਪਣੇ ਇੰਸਟਾਗ੍ਰਾਮ 'ਤੇ ਇੱਕ ਅਜਿਹੀ ਵੀਡੀਓ ਸਾਂਝੀ ਕੀਤੀ ਹੈ, ਜੋ ਹਰ ਕਿਸੇ ਦਾ ਧਿਆਨ ਖਿੱਚ ਰਹੀ ਹੈ। ਦਰਅਸਲ, ਇਹ ਵੀਡੀਓ ਇਨ੍ਹਾਂ ਚਾਰੋਂ ਅਦਾਕਾਰਾਂ ਦੀ ਕਿਸੇ ਫਿਲਮ ਦੀ ਸ਼ੂਟਿੰਗ 'ਤੇ ਜਾਂਦੇ ਸਮੇਂ ਦੀ ਹੈ, ਜਿਸ 'ਚ ਰੁਪਿੰਦਰ ਰੂਪੀ, ਸੀਮਾ ਕੌਸ਼ਲ ਅਤੇ ਗੁਰਪ੍ਰੀਤ ਭੰਗੂ ਅਦਾਕਾਰਾ ਨਿਰਮਲ ਰਿਸ਼ੀ ਨਾਲ ਮਜ਼ਾਕ ਕਰਦੀਆਂ ਨਜ਼ਰੀ ਪੈ ਰਹੀਆਂ ਹਨ ਅਤੇ ਕਹਿੰਦੀਆਂ ਹਨ ਕਿ ਬੀਬੀ ਨੂੰ ਵਿਆਉਣ ਚੱਲੇ ਹਾਂ। ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਅਦਾਕਾਰਾ ਨਿਰਮਲ ਰਿਸ਼ੀ ਨੇ ਪੈਸਿਆਂ ਵਾਲਾ ਹਾਰ ਗਲ਼ 'ਚ ਪਾਇਆ ਹੋਇਆ ਹੈ, ਉਹ ਰੁਪਿੰਦਰ ਰੂਪੀ, ਸੀਮਾ ਕੌਸ਼ਲ ਅਤੇ ਗੁਰਪ੍ਰੀਤ ਭੰਗੂ ਦੇ ਮਜ਼ਾਕ 'ਤੇ ਉਨ੍ਹਾਂ ਨੂੰ ਟੋਕਦੀ ਨਜ਼ਰੀ ਪੈ ਰਹੀ ਹੈ ਪਰ ਇਹ ਤਿੰਨੋਂ ਅਦਾਕਾਰਾਂ ਲਗਾਤਾਰ ਗੀਤ ਗਾ ਕੇ ਤਾੜੀ ਪਾ ਕੇ ਨਿਰਮਲ ਰਿਸ਼ੀ ਨੂੰ ਮਜ਼ਾਕ ਕਰਦੀਆਂ ਨਜ਼ਰੀ ਪੈ ਰਹੀਆਂ ਹਨ। ਵੀਡੀਓ ਨੂੰ ਸਾਂਝਾ ਕਰਦੇ ਹੋਏ ਲਿਖਿਆ ਗਿਆ, 'ਸ਼ੂਟਿੰਗ ਦੌਰਾਨ ਮਜ਼ੇਦਾਰ ਸਮਾਂ।' ਹੁਣ ਇਸ ਵੀਡੀਓ 'ਤੇ ਪ੍ਰਸ਼ੰਸਕ ਵੀ ਕਾਫੀ ਮਜ਼ੇਦਾਰ ਕੁਮੈਂਟ ਕਰਦੇ ਨਜ਼ਰੀ ਪੈ ਰਹੇ ਹਨ, ਇੱਕ ਨੇ ਲਿਖਿਆ, 'ਪੰਜਾਬੀ ਫਿਲਮਾਂ 'ਚ ਜਾਨ ਪਾਉਣ ਵਾਲੀਆਂ ਸਾਡੀਆਂ 4 ਮਾਵਾਂ।' ਇੱਕ ਹੋਰ ਨੇ ਮਜ਼ਾ ਲੈਂਦੇ ਹੋਏ ਲਿਖਿਆ, 'ਬਾਬਾ ਮਿਲ ਗਿਆ।' ਇੱਕ ਹੋਰ ਨੇ ਲਿਖਿਆ, 'ਪੰਜਾਬੀ ਸਿਨੇਮਾ ਦੀਆਂ ਲੀਜੈਂਡ।' ਇਸ ਤੋਂ ਇਲਾਵਾ ਹੋਰ ਬਹੁਤ ਸਾਰਿਆਂ ਨੇ ਹੱਸਣ ਵਾਲੇ ਇਮੋਜੀ ਸਾਂਝੇ ਕੀਤੇ ਹਨ।

## Border 2 'ਚ ਦਿਲਜੀਤ ਦੋਸਾਂਝ ਬਣਨਗੇ IAF ਅਫਸਰ, ਅਮਰ ਸਿੰਘ ਚਮਕੀਲਾ ਤੋਂ ਬਾਅਦ ਨਿਭਾਉਣਗੇ ਇੱਕ ਹੋਰ ਅਸਲੀ ਕਿਰਦਾਰ?

ਗਦਰ 2 ਤੋਂ ਬਾਅਦ, ਸੰਨੀ ਦਿਓਲ ਇੱਕ ਵਾਰ ਫਿਰ ਵੱਡੇ ਪਰਦੇ 'ਤੇ ਧਮਾਲ ਮਚਾਉਣ ਦੀ ਤਿਆਰੀ ਕਰ ਰਿਹਾ ਹੈ। ਸਾਲ 2025 ਅਤੇ 2026 ਵਿੱਚ, ਉਹ ਜਾਟ ਅਤੇ 1997 ਵਿੱਚ ਰਿਲੀਜ਼ ਹੋਈ ਆਪਣੀ ਫਿਲਮ 'ਬਾਰਡਰ-2' ਨਾਲ ਸਿਨੇਮਾਘਰਾਂ ਵਿੱਚ ਦਸਤਕ ਦੇਣਗੇ। 29 ਸਾਲ ਪਹਿਲਾਂ ਰਿਲੀਜ਼ ਹੋਈ ਇਸ ਦੇਸ਼ ਭਗਤੀ ਵਾਲੀ ਫਿਲਮ ਵਿੱਚ ਸੁਨੀਲ ਸ਼ੈੱਟੀ, ਜੈਕੀ ਸ਼ਰਾਫ, ਅਕਸ਼ੈ ਖੰਨਾ, ਪੂਜਾ ਭੱਟ ਵਰਗੇ ਸਿਤਾਰੇ ਮੁੱਖ ਭੂਮਿਕਾਵਾਂ ਵਿੱਚ ਸਨ। ਹੁਣ ਫਿਲਮ ਬਾਰਡਰ 'ਤੇ ਲੜ ਰਹੇ ਸੈਨਿਕਾਂ ਵਿੱਚੋਂ ਕੁਝ ਹੋਰ ਨਵੇਂ ਕਲਾਕਾਰਾਂ ਨੂੰ ਭਰਤੀ ਕੀਤਾ ਗਿਆ ਹੈ। ਸੰਨੀ ਦਿਓਲ ਦੀ ਫਿਲਮ 'ਬਾਰਡਰ 2' ਵਿੱਚ ਵਰੁਣ ਧਵਨ, ਦਿਲਜੀਤ ਦੋਸਾਂਝ ਅਤੇ ਸੁਨੀਲ ਸ਼ੈੱਟੀ ਦਾ ਪੁੱਤਰ ਅਹਾਨ ਖਾਨ ਵੀ ਮੁੱਖ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ। ਫਿਲਮ ਦੀ ਸ਼ੂਟਿੰਗ ਸ਼ੁਰੂ ਹੋ ਗਈ ਹੈ। ਵਰੁਣ ਧਵਨ ਨੇ ਹਾਲ ਹੀ ਵਿੱਚ ਸੈੱਟ ਤੋਂ ਸੰਨੀ ਦਿਓਲ ਨਾਲ ਇੱਕ ਤਸਵੀਰ ਸਾਂਝੀ ਕੀਤੀ ਹੈ। ਉਨ੍ਹਾਂ ਤੋਂ ਇਲਾਵਾ, ਇਸ ਗੱਲ ਤੋਂ ਵੀ ਪਰਦਾ ਉੱਠ ਗਿਆ ਹੈ ਕਿ ਫਿਲਮ ਦੇ ਸੀਕਵਲ ਵਿੱਚ ਦਿਲਜੀਤ ਦੋਸਾਂਝ ਕਿਸ ਹੀਰੋ ਦਾ ਕਿਰਦਾਰ ਨਿਭਾਉਣਗੇ।

# ਨਿਰਮਾਤਾ ਏਕਤਾ ਕਪੂਰ ਖ਼ਿਲਾਫ਼ ਸ਼ਿਕਾਇਤ ਦੀ ਜਾਂਚ ਦੇ ਹੁਕਮ



ਮੁੰਬਈ: ਇੱਥੋਂ ਦੀ ਅਦਾਲਤ ਨੇ ਅੱਜ ਸ਼ਹਿਰ ਦੀ ਪੁਲੀਸ ਨੂੰ ਹਦਾਇਤ ਕੀਤੀ ਹੈ ਕਿ ਫਿਲਮ ਤੇ ਟੀਵੀ ਨਿਰਮਾਤਾ ਏਕਤਾ ਕਪੂਰ ਖ਼ਿਲਾਫ਼ ਉਸ ਦੀ ਇਕ ਵੈੱਬ ਲੜੀ 'ਚ ਕਥਿਤ ਤੌਰ 'ਤੇ ਭਾਰਤੀ ਸੈਨਿਕਾਂ ਦਾ ਅਪਮਾਨ ਕੀਤੇ ਜਾਣ ਸਬੰਧੀ ਦਰਜ ਅਪਰਾਧਿਕ ਸ਼ਿਕਾਇਤ ਦੀ ਜਾਂਚ ਕੀਤੀ ਜਾਵੇ। ਇਹ ਸ਼ਿਕਾਇਤ ਯੂਟਿਊਬਰ ਵਿਕਾਸ ਪਾਠਕ ਨੇ ਕੀਤੀ ਹੈ ਜਿਸ ਨੂੰ 'ਹਿੰਦੁਸਤਾਨੀ ਭਾਊ' ਵੀ ਕਿਹਾ ਜਾਂਦਾ ਹੈ। ਸ਼ਿਕਾਇਤ ਵਿੱਚ ਏਕਤਾ, ਉਸ ਦੇ ਓਟੀਟੀ ਪਲੈਟਫਾਰਮ ਆਲਟ ਬਾਲਾਜੀ ਅਤੇ ਉਸ ਦੇ ਮਾਪਿਆਂ ਸ਼ੋਭਾ ਤੇ ਜਿਤੇਂਦਰ ਕਪੂਰ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਬਾਂਦਰਾ ਦੀ ਇਕ ਮੈਜਿਸਟਰੇਟੀ ਅਦਾਲਤ ਨੇ ਪੁਲੀਸ ਕੋਲੋਂ 9 ਮਈ ਤੱਕ ਸ਼ਿਕਾਇਤ ਬਾਰੇ ਰਿਪੋਰਟ ਮੰਗੀ ਹੈ। ਇਹ ਸ਼ਿਕਾਇਤ ਸੀਆਰਪੀਸੀ ਦੀ ਧਾਰਾ 202 ਤਹਿਤ ਕੀਤੀ ਗਈ ਹੈ। ਇਸ ਧਾਰਾ ਵਿੱਚ ਇਕ ਮੈਜਿਸਟਰੇਟ ਅਪਰਾਧਿਕ ਸ਼ਿਕਾਇਤ ਦੀ ਜਾਂਚ ਕਰ ਸਕਦਾ ਹੈ।

## ਫਿਲਮ 'ਜਾਟ' ਰਿਲੀਜ਼ ਹੋਣ ਦੀ ਉਡੀਕ 'ਚ ਸਨੀ ਦਿਓਲ

ਆਪਣੀ ਆਉਣ ਵਾਲੀ ਫਿਲਮ 'ਜਾਟ' ਦੇ ਰਿਲੀਜ਼ ਹੋਣ ਦੀ ਉਡੀਕ ਕਰ ਰਹੇ ਅਦਾਕਾਰ ਸਨੀ ਦਿਓਲ ਨੇ ਖੇਤਾਂ 'ਚ ਆਪਣੀਆਂ ਕਈ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਇੰਸਟਾਗ੍ਰਾਮ 'ਤੇ ਸਾਂਝੀਆਂ ਕੀਤੀਆਂ ਤਸਵੀਰਾਂ 'ਚ ਸਨੀ ਦਿਓਲ ਕਣਕ ਦੇ ਖੇਤਾਂ 'ਚ ਪੋਜ਼ ਬਣਾਉਂਦਾ ਨਜ਼ਰ ਆਇਆ। ਚਿੱਟੀ ਕਮੀਜ਼ ਤੇ ਪੈਂਟ 'ਚ ਅਦਾਕਾਰ ਬਹੁਤ ਫਬ ਰਿਹਾ ਹੈ। ਸਨੀ ਦਿਓਲ ਨੇ ਹਿੰਦੀ ਵਿੱਚ ਕੈਪਸ਼ਨ ਲਿਖਿਆ, ''ਜਾਟ ਖੇਤਾਂ 'ਚ ਤਿਆਰੀ ਕਰ ਰਿਹਾ ਵਿਸਾਖੀ ਦੀ''। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਫਿਲਮ ਨਿਰਮਾਤਾਵਾਂ ਨੇ 'ਜਾਟ' ਤੋਂ ਸਨੀ ਦਿਓਲ ਦੀ ਪਹਿਲੀ ਝਲਕ ਦਿਖਾਈ ਸੀ। ਖੂਨ ਨਾਲ ਰੰਗੇ ਪੋਸਟਰ 'ਚ ਸਨੀ ਦਿਓਲ ਨੇ ਹੱਥ ਵਿੱਚ ਕੋਈ ਭਾਰੀ ਚੀਜ਼ ਫੜੀ ਹੋਈ ਹੈ। 'ਜਾਟ' ਵਿੱਚ ਵਿਨੀਤ ਕੁਮਾਰ ਸਿੰਘ, ਸੈਯਾਮੀ ਖੇਰ ਅਤੇ ਸਵਰੂਪਾ ਘੋਸ਼ ਵੀ ਹਨ। ਇਸ ਦਾ ਨਿਰਦੇਸ਼ਨ ਗੋਪੀਚੰਦ ਮਾਲਿਨੇਨੀ ਦੁਆਰਾ ਕੀਤਾ ਗਿਆ ਹੈ ਤੇ ਇਹ ਫਿਲਮ ਮੈਤਰੀ ਮੂਵੀ ਮੇਕਰਸ ਦੇ ਬੈਨਰ ਹੇਠ ਨਵੀਨ ਯੇਰਨੇਨੀ ਅਤੇ ਰਵੀ ਸ਼ੰਕਰ ਦੁਆਰਾ ਬਣਾਈ ਗਈ ਹੈ। ਜ਼ਿਕਰਯੋਗ ਹੈ ਕਿ 'ਜਾਟ' 10 ਅਪਰੈਲ ਨੂੰ ਸਿਨੇਮਾ ਘਰਾਂ ਵਿੱਚ ਰਿਲੀਜ਼ ਹੋਵੇਗੀ।

# ਹਾਲੀਵੁੱਡ ਚੱਲੇ ਮੁੰਨਾ ਭਾਈ ਤੇ ਸਿਕੰਦਰ

## 23 ਸਾਲ ਬਾਅਦ ਦੁਬਾਰਾ ਪਰਦੇ 'ਤੇ ਦਿਖੇਗੀ ਸਲਮਾਨ ਖਾਨ ਤੇ ਸੰਜੇ ਦੱਤ ਦੀ ਜੋੜੀ?



ਸਿਕੰਦਰ ਸਲਮਾਨ ਖਾਨ ਤੇ ਸੰਜੇ ਦੱਤ ਦੋਵੇਂ ਇੰਡਸਟਰੀ ਦੇ ਵੱਡੇ ਨਾਂ ਹਨ। ਸਲਮਾਨ ਖਾਨ ਹੁਣ ਜਿੱਥੇ ਰੋਮਾਂਸ ਛੱਡ ਕੇ ਐਕਸ਼ਨ ਸਟਾਰ ਬਣ ਚੁੱਕਾ ਹੈ, ਉਥੇ ਹੀ ਸੰਜੇ ਦੱਤ ਹੁਣ ਖਲਨਾਇਕ ਬਣ ਕੇ ਫਿਲਮਾਂ 'ਚ ਧਮਾਲ ਮਚਾ ਰਿਹਾ ਹੈ। ਇਨ੍ਹਾਂ ਦੋਵਾਂ ਅਦਾਕਾਰ ਨੇ ਇਕੱਠੇ ਕਈ ਸੁਪਰਹਿੱਟ ਫਿਲਮਾਂ ਕੀਤੀਆਂ ਹਨ। ਦੋਵਾਂ ਦੀ ਆਫ-ਸਕਰੀਨ ਬਾਂਡਿੰਗ ਫਿਲਮੀ ਪਰਦੇ 'ਤੇ ਵੀ ਸਾਫ਼ ਦੇਖਣ ਨੂੰ ਮਿਲਦੀ ਹੈ। ਫੈਨਜ਼ ਇੱਕ ਲੰਬੇ ਸਮੇਂ ਤੋਂ ਹਿੰਦੀ ਸਿਨੇਮਾ ਦੇ ਦੋ ਵੱਡੇ ਸਿਤਾਰਿਆਂ ਨੂੰ ਇਕੱਠੇ ਵੱਡੇ ਪਰਦੇ 'ਤੇ ਦੇਖਣ ਦੀ ਆਸ ਲਗਾਈ ਬੈਠੇ ਸੀ। ਹੁਣ ਉਨ੍ਹਾਂ ਦਾ ਸੁਪਨਾ ਪੂਰਾ ਹੋਣ ਜਾ ਰਿਹਾ ਹੈ। ਸਲਮਾਨ ਖਾਨ ਤੇ ਸੰਜੇ ਦੱਤ ਇਕੱਠੇ ਫਿਰ ਤੋਂ ਵੱਡੇ ਪਰਦੇ 'ਤੇ ਫਿਲਮ ਵਿੱਚ ਧਮਾਲ ਮਚਾਉਣ ਦੀ ਤਿਆਰੀ ਕਰ ਰਹੇ ਹਨ। ਹਾਲਾਂਕਿ ਉਨ੍ਹਾਂ ਦੀ ਇਹ ਫਿਲਮ ਨੈਸ਼ਨਲ ਨਹੀਂ ਸਗੋਂ ਇੰਟਰਨੈਸ਼ਨਲ ਹੈ। ਦੋਵਾਂ ਨੇ ਇਕੱਠੇ ਆਪਣੀ ਆਉਣ ਵਾਲੀ ਫਿਲਮ ਦੀ ਸ਼ੂਟਿੰਗ ਵੀ ਸ਼ੁਰੂ ਕਰ ਦਿੱਤੀ ਹੈ।

### ਹਾਲੀਵੁੱਡ ਫਿਲਮ 'ਚ ਪਹਿਲੀ ਵਾਰ ਇਕੱਠੇ ਕੰਮ ਕਰਨਗੇ ਸਲਮਾਨ-ਸੰਜੇ?

ਮਿਡ ਡੇਅ ਦੀ ਇਕ ਖਬਰ ਮੁਤਾਬਕ, ਲਗਪਗ 23 ਸਾਲ ਬਾਅਦ ਸਲਮਾਨ ਖਾਨ ਤੇ ਸੰਜੇ ਦੱਤ ਇਕ ਵਾਰ ਫਿਰ ਇਕੱਠੇ ਕੰਮ ਕਰਨ ਜਾ ਰਹੇ ਹਨ ਤੇ ਉਹ ਵੀ ਕਿਸੇ ਹਿੰਦੀ ਫਿਲਮ 'ਚ ਨਹੀਂ ਸਗੋਂ ਹਾਲੀਵੁੱਡ ਫਿਲਮ 'ਚ ਇਕੱਠੇ ਨਜ਼ਰ ਆਉਣਗੇ। ਖਬਰਾਂ ਮੁਤਾਬਕ ਸਲਮਾਨ ਤੇ ਸੰਜੇ ਦੋਵੇਂ ਇੱਕ ਅਮਰੀਕੀ ਐਕਸ਼ਨ ਥ੍ਰਿਲਰ ਹਾਲੀਵੁੱਡ ਫਿਲਮ ਵਿੱਚ ਸਪੈਸ਼ਲ ਪਰਮਾਰਮੈਂਸ ਵਿੱਚ ਨਜ਼ਰ ਆਉਣਗੇ। ਇਹ ਹਾਲੀਵੁੱਡ ਦੀ ਇੱਕ ਵੱਡੇ ਬਜਟ ਦੀ ਫਿਲਮ ਹੈ, ਜਿਸ ਵਿੱਚ ਆਪਣੇ ਹਿੱਸੇ ਦੀ ਸ਼ੂਟਿੰਗ ਸਲਮਾਨ ਤੇ ਸੰਜੇ ਸਾਊਦੀ ਅਰਬ ਪਹੁੰਚੇ ਹਨ, ਦੋਵੇਂ ਸੋਮਵਾਰ ਤੋਂ ਬੁੱਧਵਾਰ ਤੱਕ ਫਿਲਮ ਵਿੱਚ ਆਪਣੇ ਹਿੱਸੇ ਦੀ ਸ਼ੂਟਿੰਗ ਕਰ ਰਹੇ ਹਨ। ਸਲਮਾਨ ਤੇ ਸੰਜੇ ਦੀ ਲੋਕਪ੍ਰਿਯਤਾ ਭਾਰਤ ਤੋਂ ਇਲਾਵਾ ਮੱਧ ਏਸ਼ੀਆਂ ਦੇਸ਼ਾਂ ਵਿੱਚ ਵੀ ਕਾਫ਼ੀ ਹੈ।

ਉਨ੍ਹਾਂ ਦੇ ਗਲੋਬਲ ਫੈਨਜ਼ ਬੇਸ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਫਿਲਮ 'ਚ ਕਾਸਟ ਕੀਤਾ ਗਿਆ ਹੈ। ਖਾਸ ਗੱਲ ਇਹ ਹੈ ਕਿ ਸਲਮਾਨ ਤੇ ਸੰਜੇ ਦੋਹਾਂ ਦੀ ਇਹ ਪਹਿਲੀ ਹਾਲੀਵੁੱਡ ਫਿਲਮ ਹੋਵੇਗੀ।

### ਅਜੇ ਤੱਕ ਟਾਈਟਲ ਨਹੀਂ ਹੋਇਆ ਰਿਲੀਜ਼

ਇਸ ਅਮਰੀਕੀ ਥ੍ਰਿਲਰ ਵਿੱਚ ਸਲਮਾਨ ਖਾਨ ਤੇ ਸੰਜੇ ਦੱਤ ਦੋਵਾਂ ਦੇ ਕਿਰਦਾਰ ਬਹੁਤ ਪ੍ਰਭਾਵਸ਼ਾਲੀ ਹੋਣ ਵਾਲੇ ਹਨ। ਹਾਲਾਂਕਿ ਫਿਲਮ ਦਾ ਟਾਈਟਲ ਕੀ ਹੋਵੇਗਾ, ਇਸ ਦਾ ਖੁਲਾਸਾ ਅਜੇ ਨਹੀਂ ਹੋਇਆ ਹੈ। ਦੋਵੇਂ ਆਪਣੇ ਪਹਿਲੇ ਇੰਟਰਨੈਸ਼ਨਲ ਪ੍ਰੋਜੈਕਟ ਦੀ ਸ਼ੂਟਿੰਗ ਸਾਊਦੀ ਅਰਬ ਦੇ ਅਲਊਲਾ ਸਟੂਡੀਓ 'ਚ ਕਰ ਰਹੇ ਹਨ, ਜਿੱਥੇ ਹੁਣ ਤੱਕ ਕਈ ਇੰਟਰਨੈਸ਼ਨਲ ਪ੍ਰੋਜੈਕਟਾਂ ਸ਼ੂਟ ਹੋ ਚੁੱਕੇ ਹਨ। ਸਲਮਾਨ ਖਾਨ ਦੇ ਆਉਣ ਵਾਲੇ ਪ੍ਰੋਜੈਕਟ ਦੀ ਗੱਲ ਕਰੀਏ ਤਾਂ ਉਹ ਇਸ ਈਦ 'ਤੇ ਰਸ਼ਮਿਕਾ ਮੰਦਾਨਾ ਨਾਲ ਫਿਲਮ 'ਸਿਕੰਦਰ' 'ਚ ਨਜ਼ਰ ਆਉਣਗੇ। ਇਸ ਐਕਸ਼ਨ ਥ੍ਰਿਲਰ ਫਿਲਮ ਦਾ ਨਿਰਦੇਸ਼ਨ ਏ. ਆਰ ਮੁਰੁਗਦੌਸ ਨੇ ਕੀਤਾ ਹੈ।

# ਸ਼ਕੀਰਾ ਦੀ ਵਿਗੜੀ ਸਿਹਤ

## ਕੰਸਰਟ ਤੋਂ ਪਹਿਲਾਂ ਹਸਪਤਾਲ 'ਚ ਹੋਣਾ ਪਿਆ ਦਾਖਲ, ਕਿਹਾ- 'ਮੈਨੂੰ ਮਾਫ਼ ਕਰਨਾ, ਮੈਂ...'



ਵਿਸ਼ਵ ਪ੍ਰਸਿੱਧ ਗਾਇਕਾ-ਗੀਤਕਾਰ ਸ਼ਕੀਰਾ ਇਸ ਸਮੇਂ ਆਪਣੀ ਸਿਹਤ ਕਾਰਨ ਸੋਸ਼ਲ ਮੀਡੀਆ 'ਤੇ ਬਹੁਤ ਜ਼ਿਆਦਾ ਟ੍ਰੈਂਡ ਕਰ ਰਹੀ ਹੈ। ਗਾਇਕ ਨੂੰ ਪੇਰੂ ਵਿੱਚ ਇੱਕ ਸਮਾਗਮ ਵਿੱਚ ਪਹੁੰਚਣਾ ਪਿਆ ਜਿੱਥੇ ਪ੍ਰਸ਼ੰਸਕ ਉਸਦੀ ਉਡੀਕ ਕਰ ਰਹੇ ਸਨ। ਪਰ ਇਸ ਤੋਂ ਪਹਿਲਾਂ ਹੀ ਸ਼ਕੀਰਾ ਦੀ ਸਿਹਤ ਇੰਨੀ ਵਿਗੜ ਗਈ ਕਿ ਉਹ ਸਿੱਧੀ ਹਸਪਤਾਲ ਚਲੀ ਗਈ। ਗਾਇਕ ਨੇ ਖੁਦ ਆਪਣੀ ਸੋਸ਼ਲ ਮੀਡੀਆ ਪੋਸਟ ਰਾਹੀਂ ਇਹ ਜਾਣਕਾਰੀ ਦਿੱਤੀ ਹੈ।

### ਡਾਕਟਰਾਂ ਨੇ ਪ੍ਰਦਰਸ਼ਨ ਕਰਨ ਤੋਂ ਕੀਤਾ ਇਨਕਾਰ

ਐਤਵਾਰ ਨੂੰ, ਸ਼ਕੀਰਾ ਨੇ ਆਪਣੇ ਸਾਬਕਾ ਪ੍ਰੇਮਿਕਾ ਦੇ ਹੈਂਡਲ 'ਤੇ ਇੱਕ ਪੋਸਟ ਸਾਂਝੀ ਕੀਤੀ। ਇਸ ਪੋਸਟ ਵਿੱਚ, ਉਸਨੇ ਦੱਸਿਆ ਕਿ ਉਹ ਹਸਪਤਾਲ ਵਿੱਚ ਦਾਖਲ ਹੈ ਅਤੇ ਉਹ ਪੇਟ ਸੰਬੰਧੀ ਸਮੱਸਿਆ ਤੋਂ ਪੀੜਤ ਹੈ। ਸ਼ਕੀਰਾ ਨੇ ਇਹ ਵੀ ਦੱਸਿਆ ਕਿ ਉਸਦੇ ਡਾਕਟਰਾਂ ਨੇ ਉਸਨੂੰ ਪ੍ਰਦਰਸ਼ਨ ਕਰਨ ਤੋਂ ਮਨ੍ਹਾ ਕਰ ਦਿੱਤਾ ਹੈ। ਪੋਸਟ ਵਿੱਚ, 48 ਸਾਲਾ ਪੋਪ ਗਾਇਕ ਨੇ ਲਿਖਿਆ, 'ਮੈਨੂੰ ਤੁਹਾਨੂੰ ਸਾਰਿਆਂ ਨੂੰ ਇਹ ਦੱਸਦੇ ਹੋਏ ਦੁੱਖ ਹੋ ਰਿਹਾ ਹੈ ਕਿ ਮੈਨੂੰ ਕੱਲ੍ਹ ਰਾਤ ਪੇਟ ਦੀ ਸਮੱਸਿਆ ਕਾਰਨ ਐਮਰਜੈਂਸੀ ਰੂਮ ਵਿੱਚ ਜਾਣਾ ਪਿਆ ਅਤੇ ਮੈਂ ਇਸ ਸਮੇਂ ਹਸਪਤਾਲ ਵਿੱਚ ਦਾਖਲ ਹਾਂ।'

### ਡਾਕਟਰਾਂ ਨੇ ਸ਼ਕੀਰਾ ਨੂੰ ਪ੍ਰਦਰਸ਼ਨ ਨਾ ਕਰਨ ਦੀ ਦਿੱਤੀ ਸਲਾਹ

ਸ਼ਕੀਰਾ ਨੇ ਅੱਗੇ ਕਿਹਾ ਕਿ ਡਾਕਟਰਾਂ ਨੇ ਉਸਨੂੰ ਪ੍ਰਦਰਸ਼ਨ ਨਾ ਕਰਨ ਦੀ ਸਲਾਹ ਦਿੱਤੀ ਹੈ ਕਿਉਂਕਿ ਉਹ ਸਟੇਜ 'ਤੇ ਆਉਣ ਲਈ ਸਹੀ ਹਾਲਤ ਵਿੱਚ ਨਹੀਂ ਹੈ। ਸ਼ਕੀਰਾ ਨੇ ਸ਼ੋਅ ਦੇ ਰੱਦ ਹੋਣ 'ਤੇ ਬਹੁਤ ਨਿਰਾਸ਼ ਪ੍ਰਗਟ ਕੀਤੀ ਹੈ। ਉਸਨੇ ਪੋਸਟ ਵਿੱਚ ਪ੍ਰਸ਼ੰਸਕਾਂ ਨੂੰ ਕਿਹਾ, 'ਮੈਂ ਪੇਰੂ ਵਿੱਚ ਆਪਣੇ ਪ੍ਰਸ਼ੰਸਕਾਂ ਲਈ ਪ੍ਰਦਰਸ਼ਨ ਕਰਨ ਲਈ ਬੇਸਬਰੀ ਨਾਲ ਉਡੀਕ ਕਰ ਰਹੀ ਸੀ।' ਮੈਨੂੰ ਬਹੁਤ ਦੁੱਖ ਹੈ ਕਿ ਮੈਂ ਅੱਜ ਸਟੇਜ 'ਤੇ ਨਹੀਂ ਜਾ ਸਕਾਂਗਾ। ਮੈਂ ਪੇਰੂ ਵਿੱਚ ਆਪਣੇ ਸ਼ਾਨਦਾਰ ਪ੍ਰਸ਼ੰਸਕਾਂ ਨੂੰ ਮਿਲ ਕੇ ਬਹੁਤ ਭਾਵੁਕ ਅਤੇ ਉਤਸ਼ਾਹਿਤ ਸੀ। ਉਸਨੇ ਇਹ ਵੀ ਕਿਹਾ ਕਿ ਉਸਦੀ ਟੀਮ ਅਤੇ ਕੰਸਰਟ ਪ੍ਰਮੋਟਰ ਪਹਿਲਾਂ ਹੀ ਇੱਕ ਨਵੀਂ ਤਰੀਕ 'ਤੇ ਕੰਮ ਕਰ ਰਹੇ ਹਨ। "ਮੈਂ ਤੁਹਾਨੂੰ ਸਾਰਿਆਂ ਨੂੰ ਪਿਆਰ ਕਰਦੀ ਹਾਂ ਅਤੇ ਤੁਹਾਡੀ ਸਮਝ ਦੀ ਕਦਰ ਕਰਦੀ ਹਾਂ।"

### ਸ਼ਕੀਰਾ ਦਾ ਕੰਮ ਦਾ ਫਰੰਟ

ਸ਼ਕੀਰਾ ਦੇ ਕੰਮ ਬਾਰੇ ਗੱਲ ਕਰੀਏ ਤਾਂ ਉਹ ਇਸ ਸਮੇਂ ਆਪਣੇ ਨਵੇਂ ਐਲਬਮ ਲਾਸ ਮੁਜੇਰੇਸ ਯਾ ਨੋ ਲੋਰਨ ਦਾ ਪ੍ਰਚਾਰ ਕਰ ਰਹੀ ਹੈ। ਪ੍ਰਮੋਸ਼ਨ ਲਈ ਦੌਰੇ 'ਤੇ। ਸ਼ਕੀਰਾ ਦਾ ਦੌਰਾ ਲਾਤੀਨੀ ਅਮਰੀਕਾ ਤੋਂ ਸ਼ੁਰੂ ਹੋਵੇਗਾ ਅਤੇ ਮਈ ਵਿੱਚ ਕੈਨੇਡਾ ਅਤੇ ਅਮਰੀਕਾ ਵਿੱਚ ਵੀ ਉਸਦੇ ਸੰਗੀਤ ਸਮਾਰੋਹ ਹੋਣ ਦੀ ਉਮੀਦ ਹੈ। ਉਮੀਦ ਕੀਤੀ ਜਾਂਦੀ ਹੈ ਕਿ ਗਾਇਕਾ ਜਲਦੀ ਹੀ ਠੀਕ ਹੋ ਜਾਵੇਗੀ ਅਤੇ ਆਪਣੇ ਪ੍ਰਸ਼ੰਸਕਾਂ ਨੂੰ ਆਪਣੇ ਗੀਤਾਂ 'ਤੇ ਨੱਚਣ ਲਈ ਮਜਬੂਰ ਕਰ ਦੇਵੇਗੀ।

# ਮੋਨਾਲੀਸਾ ਨੂੰ ਫ਼ਿਲਮ 'ਚ ਅਦਾਕਾਰਾ ਬਣਨ ਦਾ ਮਿਲਿਆ ਮੌਕਾ



ਮਹਾਂਕੁੰਭ ਵਿੱਚ ਹਾਰ ਵੇਚਣ ਵਾਲੀ ਮੋਨਾਲੀਸਾ ਨੇ ਕਦੇ ਸੋਚਿਆ ਵੀ ਨਹੀਂ ਹੋਵੇਗਾ ਕਿ ਉਸਦੀਆਂ ਮਨਮੋਹਕ ਅੱਖਾਂ ਅਤੇ ਸੁੰਦਰ ਮੁਸਕਰਾਹਟ ਇੱਕ ਦਿਨ ਉਸਦੀ ਕਿਸਮਤ ਬਦਲ ਦੇਵੇਗੀ। ਮੋਨਾਲੀਸਾ ਦੀ ਸੁੰਦਰਤਾ ਤੋਂ ਪ੍ਰਭਾਵਿਤ ਹੋ ਕੇ, ਨਿਰਦੇਸ਼ਕ ਸਨੋਜ ਮਿਸ਼ਰਾ ਨੇ ਆਪਣੀ ਫ਼ਿਲਮ 'ਦਿ ਡਾਇਰੀ ਆਫ਼ ਮਨੀਪੁਰ' 'ਚ ਮੁੱਖ ਅਦਾਕਾਰਾ ਦੀ ਭੂਮਿਕਾ ਦੀ ਪੇਸ਼ਕਸ਼ ਕੀਤੀ ਹੈ, ਜਿਸ ਲਈ ਮੋਨਾਲੀਸਾ ਮੁੰਬਈ 'ਚ ਅਦਾਕਾਰੀ ਅਤੇ ਸ਼ਿੰਗਾਰ ਦੀਆਂ ਕਲਾਸਾਂ ਲੈ ਰਹੀ ਹੈ।

ਇਸ ਦੌਰਾਨ ਮੋਨਾਲੀਸਾ ਨੇ ਆਪਣੇ ਸੋਸ਼ਲ ਮੀਡੀਆ ਇੰਸਟਾਗ੍ਰਾਮ ਹੈਂਡਲ 'ਤੇ 'ਮੇਰੇ ਗੀਤ ਦੀ ਵੀਡੀਓ' ਕੈਪਸ਼ਨ ਦੇ ਨਾਲ ਇੱਕ ਨਵਾਂ ਵੀਡੀਓ ਸਾਂਝਾ ਕੀਤਾ ਹੈ, ਜਿਸ ਵਿੱਚ ਉਹ 1999 ਦੀ ਫ਼ਿਲਮ 'ਹਿੰਦੁਸਤਾਨ ਕੀ ਕਸਮ' ਦਾ ਅਮਿਤਾਭ ਬੱਚਨ ਦਾ ਗੀਤ 'ਜਲਵਾ ਜਲਵਾ' ਗਾਉਂਦੀ ਦਿਖਾਈ ਦੇ ਰਹੀ ਹੈ। ਇਹ ਵੀਡੀਓ ਕੇਰਲ ਦੇ ਇੱਕ ਗਹਿਣਿਆਂ ਦੇ ਬ੍ਰਾਂਡ ਦੀ ਪ੍ਰੈਸ ਕਾਨਫਰੰਸ ਦੌਰਾਨ ਮੋਨਾਲੀਸਾ ਦਾ ਹੈ, ਜਿਸ ਵਿੱਚ ਉਹ ਲਾਲ ਸੂਟ ਅਤੇ ਮੇਕਅੱਪ ਵਿੱਚ ਬਹੁਤ ਸੁੰਦਰ ਲੱਗ ਰਹੀ ਹੈ। ਹੁਣ ਇਹ ਗਾਣਾ ਵਾਇਰਲ ਹੋ ਰਿਹਾ ਹੈ ਅਤੇ ਪ੍ਰਸ਼ੰਸਕ ਵੀਡੀਓ 'ਤੇ ਆਪਣੀਆਂ ਪ੍ਰਤੀਕਿਰਿਆਵਾਂ ਦੇ ਰਹੇ ਹਨ। ਵੀਡੀਓ 'ਤੇ ਟਿੱਪਣੀ ਕਰਦੇ ਹੋਏ, ਇੱਕ ਯੂਜ਼ਰ ਨੇ ਲਿਖਿਆ, 'ਭਾਰਤ ਵਿੱਚ ਤੁਹਾਡੇ ਨਾਲੋਂ 100 ਗੁਣਾ ਜ਼ਿਆਦਾ ਸੁੰਦਰ ਅਤੇ ਖੂਬਸੂਰਤ ਕੁੜੀਆਂ ਹਨ, ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੋਨਾਲੀਸਾ ਨੂੰ ਦੁਨੀਆਂ ਦੀ ਸਭ ਤੋਂ ਸੁੰਦਰ ਕੁੜੀ ਕਿਸਨੇ ਬੋਲਿਆ ਸੀ ?' ਇੱਕ ਹੋਰ ਯੂਜ਼ਰ ਨੇ ਲਿਖਿਆ, 'ਤੁਸੀਂ ਬਹੁਤ ਦੂਰ ਜਾਓਗੇ ਭੈਣ।' ਇੱਕ ਤੀਜੇ ਯੂਜ਼ਰ ਨੇ ਲਿਖਿਆ, 'ਬਹੁਤ ਖੂਬਸੂਰਤ।'

# ਸੁਰਮੇਦਾਨੀ ਵਰਗਾ ਮੇਰਾ ਮਾਹੀ...



ਪੰਜਾਬੀ ਸਭਿਆਚਾਰ ਵਿੱਚ ਸੁਆਣੀਆਂ ਹਮੇਸ਼ਾ ਹੀ ਆਪਣੇ ਸੋਹਣੇਪਣ ਨੂੰ ਨਿਖਾਰਨ ਲਈ ਵੱਖ-ਵੱਖ ਰਿਵਾਇਤਾਂ ਦੀ ਪਾਲਣਾ ਕਰਦੀਆਂ ਆਈਆਂ ਹਨ। ਇਨ੍ਹਾਂ ਵਿੱਚੋਂ ਇੱਕ ਅਹਿਮ ਤੱਤ ਸੁਰਮੇਦਾਨੀ ਸੀ, ਜੋ ਸਿਰਫ਼ ਇੱਕ ਸ਼ਿੰਗਾਰ ਦਾ ਹਿੱਸਾ ਨਹੀਂ ਸੀ, ਬਲਕਿ ਇਹ ਪ੍ਰੇਮ,ਪਵਿੱਤਰਤਾ ਅਤੇ ਨੈਣ-ਸੁੰਦਰਤਾ ਦੀ ਨਿਸ਼ਾਨੀ ਮੰਨੀ ਜਾਂਦੀ ਸੀ। ਪੁਰਾਣੇ ਸਮਿਆਂ ਵਿੱਚ ਔਰਤਾਂ ਆਪਣੀਆਂ ਅੱਖਾਂ ਦੀ ਰੌਣਕ ਵਧਾਉਣ ਲਈ ਹੱਥ ਨਾਲ ਪੀਸਿਆ ਹੋਇਆ ਸ਼ੁੱਧ ਸੁਰਮਾ ਪਾਉਂਦਿਆ ਸਨ। ਇਸ ਸੁਰਮੇ ਨੂੰ ਸੰਭਾਲ ਕੇ ਰੱਖਣ ਲਈ ਪਿੱਤਲ, ਲੋਹੇ, ਕਾਂਸੇ , ਸਟੀਲ ਜਾਂ ਚਾਂਦੀ ਦੀਆਂ ਸੁੰਦਰ ਸੁਰਮੇਦਾਨੀਆਂ ਵਰਤੀਆਂ ਜਾਂਦੀਆਂ।

ਸੁਰਮੇਦਾਨੀ ਹਰ ਔਰਤ ਦੇ ਸ਼ਿੰਗਾਰ ਦੇ ਸਾਮਾਨ ਦਾ ਇੱਕ ਅਹਿਮ ਅੰਗ ਸੀ। ਇਹ ਸਧਾਰਨ ਵੀ ਹੋ ਸਕਦੀ ਸੀ ਅਤੇ ਕਲਾ-ਕਾਰੀਗਰੀ ਦੀ ਮਿਸਾਲ ਵੀ। ਕਈ ਵਾਰ ਇਹਨਾਂ 'ਤੇ ਸੋਨੇ-ਚਾਂਦੀ ਦੀ ਨਕਸ਼ੀ ਹੁੰਦੀ ਜਾਂ ਕਸ਼ੀਦਾ-ਕਾਰੀ ਕੀਤੀ ਜਾਂਦੀ। ਸੁਰਮੇਦਾਨੀ ਦੇ ਅੰਦਰ "ਸੁਰਮਚੂ" ਹੁੰਦਾ ਜਿਸ ਦੀ ਮਦਦ ਨਾਲ ਸੁਆਣੀਆਂ ਧਾਰਾਂ ਬੰਨ੍ਹ-ਬੰਨ੍ਹ ਕੇ ਅੱਖਾਂ ਵਿੱਚ ਸੁਰਮਾ ਪਾਉਂਦੀਆਂ। ਸਿਰਫ਼ ਸੋਹਣਾਪਣ ਹੀ ਨਹੀਂ ਸੁਰਮਾ ਅੱਖਾਂ ਨੂੰ ਠੰਢਕ ਦੇਣ, ਨਜ਼ਰ ਤਿੱਖੀ ਕਰਨ ਅਤੇ ਸੁੰਦਰਤਾ ਵਧਾਉਣ ਲਈ ਵੀ ਵਰਤਿਆ ਜਾਂਦਾ।

ਸੁਰਮੇਦਾਨੀ ਇੱਕ ਸੁਆਣੀ ਦੇ ਸ਼ੌਂਕ ਦਾ ਦਰਪਣ ਮੰਨੀ ਜਾਂਦੀ। ਬਹੁਤ ਸਾਰੀਆਂ ਲੜਕੀਆਂ ਨੂੰ ਇਹ ਵਿਆਹ-ਸ਼ਾਦੀ ਦੇ ਮੌਕਿਆਂ 'ਤੇ ਉਪਹਾਰ ਵਜੋਂ ਦਿੱਤੀ ਜਾਂਦੀ। ਪਿੰਡਾਂ ਵਿੱਚ ਬਜ਼ੁਰਗ ਔਰਤਾਂ ਆਪਣੀਆਂ ਦੋਹਤ੍ਰੀਆਂ-ਪੋਤਰੀਆਂ ਨੂੰ ਆਪਣੀ ਪੁਰਾਣੀ ਸੁਰਮੇਦਾਨੀ ਦੇਣ 'ਚ ਮਾਣ ਮਹਿਸੂਸ ਕਰਦੀਆਂ ਕਿਉਂਕਿ ਇਹ ਇੱਕ ਵਿਰਾਸਤ ਸੀ ਜੋ ਪੀੜ੍ਹੀ-ਦਰ-ਪੀੜ੍ਹੀ ਚਲਦੀ ਰਹਿੰਦੀ ਸੀ।

ਵਿਆਹੀ ਔਰਤ ਲਈ ਸੁਰਮੇਦਾਨੀ ਸਿਰਫ਼ ਸ਼ਿੰਗਾਰ ਦੀ ਡੱਬੀ ਨਹੀਂ ਬਲਕਿ ਉਸ ਦੇ ਮਾਹੀ ਦਾ ਪ੍ਰਤੀਕ ਚਿੰਨ੍ਹ ਵੀ ਹੁੰਦੀ। ਜਿਵੇਂ ਸੁਰਮੇਦਾਨੀ ਵਿੱਚ ਭਰਿਆ ਸੁਰਮਾ ਅੱਖਾਂ ਦੀ ਸ਼ੋਭਾ ਵਧਾਉਂਦਾ ਠੀਕ ਉਵੇਂ ਹੀ ਮਾਹੀ ਦਾ ਪਿਆਰ ਜ਼ਿੰਦਗੀ ਦੀ ਰੌਣਕ ਵਿਚ ਵਾਧਾ ਕਰਦਾ। "ਸੁਰਮੇਦਾਨੀ ਵਰਗਾ ਮੇਰਾ ਮਾਹੀ, ਵੇ ਹੋਰ ਮੈਨੂੰ ਕੀ ਚਾਹੀਦਾ" ਇਹ ਸਿਰਫ਼ ਗੀਤ ਦੇ ਬੋਲ ਹੀ ਨਹੀਂ ਇੱਕ ਔਰਤ ਦੇ ਦਿੱਲ ਦੀ ਆਵਾਜ਼ ਹੁੰਦੀ ਜੋ ਆਪਣੇ ਮਾਹੀ ਵਿੱਚ ਆਪਣੀ ਪੂਰਨਤਾ ਰੂਹ ਲੱਭਦੀ ਸੀ। ਸੁਰਮੇਦਾਨੀ ਰਾਹੀਂ ਔਰਤਾਂ ਅਕਸਰ ਆਪਣੇ ਹਾਲਾਤ, ਪਿਆਰ ਅਤੇ ਵਿਅਕਤੀਗਤ ਪਹਿਚਾਣ ਨੂੰ ਪ੍ਰਗਟ ਕਰਦੀਆਂ। ਪੰਜਾਬੀ ਲੋਕ ਗੀਤਾਂ, ਬੋਲੀਆਂ ਅਤੇ ਵਿਆਹ-ਸ਼ਾਦੀ ਦੇ ਗਾਣਿਆਂ ਵਿੱਚ ਵੀ ਸੁਰਮੇਦਾਨੀ ਦਾ ਜ਼ਿਕਰ ਬਹੁਤ ਵਾਰ ਸੁਣਨ ਨੂੰ ਮਿਲਦਾ।

ਸਮਾਜ ਵਿੱਚ ਪਰਿਵਰਤਨ ਆਉਂਦੇ ਰਹੇ ਅਤੇ ਕਈ ਰੀਤੀ-ਰਿਵਾਜ ਹੌਲੀ-ਹੌਲੀ ਅਲੋਪ ਹੋ ਗਏ। ਕੱਜਲ ਆਉਣ ਨਾਲ ਸੁਰਮਾ ਪਾਉਣ ਦੀ ਪ੍ਰਥਾ ਵੀ ਘੱਟ ਹੋ ਗਈ, ਜਿਸ ਨਾਲ ਸੁਰਮੇਦਾਨੀ ਵੀ ਘਰਾਂ ਵਿੱਚੋਂ ਗਾਇਬ ਹੋ ਗਈ। ਹੁਣ ਇਸ ਦੀ ਥਾਂ ਪਲਾਸਟਿਕ ਜਾਂ ਕੱਚ ਦੀਆਂ ਛੋਟੀਆਂ ਕਲਮਾਂ ਨੇ ਲੈ ਲਈ। ਭਾਵੇਂ ਅੱਜ ਦੀ ਨਵੀਂ ਪੀੜ੍ਹੀ ਸੁਰਮੇਦਾਨੀ ਨੂੰ ਉਨ੍ਹਾਂ ਵਰਤਦੀ ਨਹੀਂ ਪਰ ਇਹ ਅੱਜ ਵੀ ਭਾਬੀ ਵਲੋਂ ਆਪਣੇਂ ਦਿਓਰ ਦੇ ਵਿਆਹ ਤੇ ਸੁਰਮਾ ਪਾਉਣ ਵੇਲੇ ਕੰਮ ਆ ਰਹੀ ਹੈ। ਜਿਸ ਨਾਲ ਇਹ ਹਮੇਸ਼ਾ ਪੰਜਾਬੀ ਸਭਿਆਚਾਰ, ਪਿਆਰ ਤੇ ਸ਼ਿੰਗਾਰ ਦੀ ਅਟੁੱਟ ਨਿਸ਼ਾਨੀ ਰਹੇਗੀ। ਇਹ ਸਾਨੂੰ ਆਪਣੀਆਂ ਪੁਰਾਣੀਆਂ ਪਰੰਪਰਾਵਾਂ ਅਤੇ ਲੋਕ-ਕਲਾਵਾਂ ਦੀ ਯਾਦ ਕਰਾਉਂਦੀ ਰਹੇਗੀ।



ਬਲਦੇਵ ਸਿੰਘ ਬੇਦੀ
ਜਲੰਧਰ
9041925181

# ਪੰਜਾਬੀ ਨੂੰ ਅਣਗੌਲਿਆਂ ਕਰ ਰਹੇ ਪੰਜਾਬੀ




ਜੇਕਰ ਦੁਨੀਆ ਦੇ ਵੱਖ-ਵੱਖ ਕੋਨਿਆਂ ਵਿੱਚ ਸਾਡੀ ਹੋਂਦ ਕਾਇਮ ਹੈ ਤਾਂ ਉਹ ਸਾਡੀ ਮਾਤ ਭਾਸ਼ਾ ਪੰਜਾਬੀ ਕਰਕੇ ਹੀ ਕਾਇਮ ਹੈ। ਜਦੋਂ ਅਸੀਂ ਆਪਣੇ ਇਤਿਹਾਸ 'ਤੇ ਝਾਤ ਮਾਰਦੇ ਹਾਂ ਤਾਂ ਸਾਡਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ। ਮਾਂ ਬੋਲੀ ਨੂੰ ਰੁਤਬਾ ਦਿਵਾਉਣ ਵਾਸਤੇ ਗੁਰੂ ਸਾਹਿਬਾਨ, ਪੀਰਾਂ ਫ਼ਕੀਰਾਂ ਅਤੇ ਸਿੱਧ ਜੋਗੀਆਂ ਦੁਆਰਾ ਦਿੱਤਾ ਯੋਗਦਾਨ ਕਦੇ ਭੁਲਾਇਆ ਨਹੀਂ ਜਾ ਸਕਦਾ। ਵਿਦਵਾਨਾਂ ਅਨੁਸਾਰ ਇਸ ਭਾਸ਼ਾ ਦਾ ਰਿਸ਼ਤਾ ਸਭ ਤੋਂ ਪੁਰਾਣੇ ਵੇਦ ਰਿਗਵੇਦ ਨਾਲ ਵੀ ਜੁੜਦਾ ਹੈ। ਇੱਥੋਂ ਸਿੱਧ ਹੁੰਦਾ ਹੈ ਕਿ ਇਹ ਬੋਲੀ ਮਹਾਨ ਅਤੇ ਮਹਾਨ ਕੌਮ ਦੀ ਜਨਮਦਾਤੀ ਹੈ। ਜੇਕਰ ਪੰਜਾਬੀ ਅਜਿਹੀ ਅਮੀਰ ਵਿਰਾਸਤ ਦੇ ਮਾਲਕ ਹਨ, ਫਿਰ ਉਹ ਆਪਣੀ ਮਾਂ ਬੋਲੀ ਨੂੰ ਤ੍ਰਿਸਕਾਰ ਦਾ ਪਾਤਰ ਕਿਉਂ ਬਣਾ ਰਹੇ ਹਨ। ਅਜੋਕੇ ਸਮੇਂ ਵਿੱਚ ਇਹ ਮਸਲਾ ਗੰਭੀਰ ਤੋਂ ਹੋਰ ਗੰਭੀਰ ਹੁੰਦਾ ਜਾ ਰਿਹਾ ਹੈ। ਅਸੀਂ ਆਮ ਤੌਰ 'ਤੇ ਗੱਲਾਂ ਕਰਦੇ ਹਾਂ ਕਿ ਸ਼ਹਿਰਾਂ ਵਿੱਚੋਂ ਪੰਜਾਬੀ ਗਾਇਬ ਹੋ ਗਈ ਹੈ, ਪਰ ਹੁਣ ਤਾਂ ਇਸ ਦੀ ਹਾਲਤ ਪਿੰਡਾਂ ਵਿੱਚ ਵੀ ਤਰਸਯੋਗ ਬਣ ਰਹੀ ਹੈ।

ਦਿਹਾਤੀ ਭਾਰਤ ਵਿੱਚ ਸਿੱਖਿਆ ਦੀ ਸਥਿਤੀ ਸਬੰਧੀ ਏਐੱਸਈਆਰ ਵੱਲੋਂ ਜਾਰੀ ਕੀਤੀ ਰਿਪੋਰਟ ਵਿੱਚ ਪੰਜਾਬ ਦੇ ਪੇਂਡੂ ਸਕੂਲਾਂ ਵਿੱਚ ਵੀ ਪੰਜਾਬੀ ਦਾ ਪੱਧਰ ਨੀਵਾਂ ਹੋ ਰਿਹਾ ਹੈ ਜੋ ਬਹੁਤ ਚਿੰਤਾਜਨਕ ਮਸਲਾ ਹੈ। ਰਿਪੋਰਟ ਵਿੱਚ ਸਥਿਤੀ ਇਹ ਦਰਸਾਈ ਗਈ ਹੈ ਕਿ ਪੰਜਾਬ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ 40 ਫ਼ੀਸਦੀ ਬੱਚੇ ਪੰਜਾਬੀ ਦਾ ਇੱਕ ਪੈਰ੍ਹਾ ਪੜ੍ਹਨ ਦੇ ਯੋਗ ਵੀ ਨਹੀਂ ਹਨ। ਭਾਵੇਂ ਕਿ ਗਣਿਤ ਵਿੱਚ ਇਹ ਸਥਿਤੀ ਸਰਕਾਰੀ ਸਕੂਲਾਂ ਦੀ ਬਿਹਤਰ ਦਿਖਾਈ ਦਿੱਤੀ ਹੈ। ਹੈਰਾਨ ਕਰਨ ਵਾਲਾ ਖੁਲਾਸਾ ਇਹ ਵੀ ਹੋਇਆ ਹੈ ਕਿ ਪ੍ਰਾਈਵੇਟ ਸਕੂਲਾਂ ਦੇ 15 ਫ਼ੀਸਦੀ ਤੋਂ ਵੱਧ ਬੱਚੇ ਸਿਰਫ਼ ਅੱਖਰ ਗਿਆਨ ਹੀ ਰੱਖਦੇ ਹਨ ਜਦੋਂਕਿ ਉਨ੍ਹਾਂ ਨੂੰ ਸ਼ਬਦ ਦਾ ਕੋਈ ਗਿਆਨ ਨਹੀਂ ਹੈ। 4.6 ਫ਼ੀਸਦੀ ਬੱਚੇ ਤਾਂ ਅੱਖਰਾਂ ਦੀ ਪਛਾਣ ਵੀ ਨਹੀਂ ਕਰ ਸਕਦੇ। ਦਿਹਾਤੀ ਪੰਜਾਬ ਵਿੱਚ ਸਿੱਖਿਆ ਪੱਧਰ ਦੇ ਹੋਏ ਅਧਿਐਨ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਪੰਜਾਬ ਦੇ ਪੇਂਡੂ ਸਕੂਲਾਂ ਦੇ ਤੀਜੀ ਜਮਾਤ ਦੇ 28 ਫ਼ੀਸਦੀ ਬੱਚੇ ਸਿਰਫ਼ ਪਹਿਲੀ ਜਮਾਤ ਦੀ ਪੁਸਤਕ ਪੜ੍ਹ ਸਕਦੇ ਹਨ। ਭਾਵੇਂ ਪੜ੍ਹਨ ਦੀ ਸਮਰੱਥਾ ਵਿੱਚ 3.4 ਫ਼ੀਸਦੀ ਦਾ ਸੁਧਾਰ ਅਤੇ ਨਿੱਜੀ ਸਕੂਲਾਂ ਦੇ ਬੱਚਿਆਂ ਵਿੱਚ ਲਗਭਗ ਇੱਕ ਫ਼ੀਸਦੀ ਦਾ ਨਿਘਾਰ ਦਰਜ ਕੀਤਾ ਗਿਆ ਹੈ। ਕੁੜੀਆਂ ਦੀ ਪੜ੍ਹਨ ਦੀ ਸਮਰੱਥਾ ਮੁੰਡਿਆਂ ਨਾਲੋਂ ਕਿਤੇ ਬਿਹਤਰ ਦਿਸੀ ਹੈ। 29.5 ਤੋਂ ਉਨ੍ਹਾਂ ਦੀ ਸਥਿਤੀ 31.9 ਤੱਕ ਬਿਹਤਰ ਹੋਈ ਹੈ। ਜਦੋਂਕਿ ਅੱਠਵੀਂ ਜਮਾਤ ਦੇ ਮੁੰਡਿਆਂ ਨੇ ਇਸ ਖੇਤਰ ਵਿੱਚ 2022 ਦੇ ਮੁਕਾਬਲੇ 81.2 ਫ਼ੀਸਦੀ ਤੋਂ 2024 ਵਿੱਚ ਘਟ ਕੇ 71 ਫ਼ੀਸਦੀ ਨਾਲ ਗਿਰਾਵਟ ਦਰਜ ਕਰਵਾਈ ਹੈ।

ਅਜਿਹੀ ਚਿੰਤਾਜਨਕ ਸਥਿਤੀ ਪੈਦਾ ਹੋਣ ਦੇ ਕਾਰਨਾਂ 'ਤੇ ਵੀ ਝਾਤੀ ਮਾਰਨ ਦੀ ਲੋੜ ਹੈ। ਪੰਜਾਬ ਦੇ 1992 ਸਕੂਲਾਂ ਵਿੱਚ ਸਿਰਫ਼ ਇੱਕ ਇੱਕ ਅਧਿਆਪਕ ਪੜ੍ਹਾਈ ਕਰਵਾ ਰਿਹਾ ਹੈ। ਇਨ੍ਹਾਂ ਸਕੂਲਾਂ ਵਿੱਚ 69,532 ਵਿਦਿਆਰਥੀ ਪੜ੍ਹ ਰਹੇ ਹਨ। ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇੱਕ-ਇੱਕ ਅਧਿਆਪਕ ਇਨ੍ਹਾਂ ਵਿਦਿਆਰਥੀਆਂ ਨਾਲ ਕਿਵੇਂ ਨਜਿੱਠਦਾ ਹੋਵੇਗਾ। ਸਕੂਲਾਂ ਵਿੱਚ ਵਿਦਿਆਰਥੀ ਅਧਿਆਪਕ ਦਾ ਅਨੁਪਾਤ ਤਰਕਸੰਗਤ ਨਾ ਹੋਣ ਕਰਕੇ ਵੀ ਸਾਡੀ ਸਥਿਤੀ ਬਦਤਰ ਹੁੰਦੀ ਜਾ ਰਹੀ ਹੈ। ਇੱਕ ਹੋਰ ਰਿਪੋਰਟ ਅਨੁਸਾਰ 81 ਸਕੂਲ ਅਜਿਹੇ ਹਨ ਜਿਨ੍ਹਾਂ ਵਿੱਚ 178 ਅਧਿਆਪਕ ਪੜ੍ਹਾ ਰਹੇ ਹਨ ਜਦੋਂਕਿ ਵਿਦਿਆਰਥੀ ਇੱਕ ਵੀ ਨਹੀਂ ਹੈ। ਜਦੋਂ ਸਕੂਲ ਮੁਖੀਆਂ ਦੀ ਗੱਲ ਕਰਦੇ ਹਾਂ ਤਾਂ ਪੰਜਾਬ ਦੇ 44 ਫ਼ੀਸਦੀ ਸਕੂਲ, ਸਕੂਲ ਮੁਖੀਆਂ ਤੋਂ ਸੱਖਣੇ ਪਏ ਹਨ। ਇੱਕ ਪ੍ਰਿੰਸੀਪਲ ਨੂੰ ਪੰਜ ਪੰਜ ਸਕੂਲਾਂ ਦਾ ਕਾਰਜ ਭਾਰ ਦਿੱਤਾ ਹੋਇਆ ਹੈ। ਤੁਸੀਂ ਆਪ ਅੰਦਾਜ਼ਾ ਲਗਾ ਸਕਦੇ ਹੋ ਕਿ ਅਜਿਹੇ ਹਾਲਾਤ ਵਿੱਚ ਸਕੂਲ ਮੁਖੀ ਆਪਣੀ ਜ਼ਿੰਮੇਵਾਰੀ ਨੂੰ ਸਫ਼ਲਤਾ ਨਾਲ ਕਿਵੇਂ ਨਿਭਾ ਸਕਦਾ ਹੈ? ਬਰਨਾਲਾ ਜ਼ਿਲ੍ਹੇ ਦੇ 73 ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸਿਰਫ਼ 13 ਪ੍ਰਿੰਸੀਪਲ ਮੌਜੂਦ ਹਨ। ਅਜਿਹਾ ਹਾਲ ਹੀ ਬਾਕੀ ਜ਼ਿਲ੍ਹਿਆਂ ਦਾ ਹੈ ਜਦੋਂਕਿ ਮੁਹਾਲੀ ਜ਼ਿਲ੍ਹੇ ਦੇ 47 ਸਕੂਲਾਂ ਵਿੱਚੋਂ 38 ਵਿੱਚ ਉੱਚ ਅਧਿਕਾਰੀਆਂ ਦੀਆਂ ਪਤਨੀਆਂ ਪ੍ਰਿੰਸੀਪਲ ਹਨ।

ਇਹ ਵੀ ਦੇਖਣ ਵਿੱਚ ਆਇਆ ਹੈ ਕਿ ਪੰਜਾਬੀ ਪੜ੍ਹਾਉਣ ਵਾਲਿਆਂ ਦੀ ਖ਼ੁਦ ਪੰਜਾਬੀ ਵਿੱਚ ਰੁਚੀ ਨਹੀਂ ਹੁੰਦੀ। ਉਹ ਸਿਲੇਬਸ ਤੋਂ ਇਲਾਵਾ ਵਾਧੂ ਕਿਤਾਬਾਂ ਨੂੰ ਕਦੇ ਹੱਥ ਨਹੀਂ ਲਾਉਂਦੇ ਅਤੇ ਨਾ ਹੀ ਆਪਣੇ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਵਿੱਚ ਜਾਣ ਲਈ ਪ੍ਰੇਰਿਤ ਕਰਦੇ ਹਨ। ਜੇਕਰ ਉਹ ਖ਼ੁਦ ਸਾਹਿਤ ਦੇ ਪ੍ਰੇਮੀ ਨਹੀਂ ਹਨ ਤਾਂ ਉਹ ਆਪਣੇ ਵਿਦਿਆਰਥੀਆਂ ਨੂੰ ਇਸ ਖੇਤਰ ਵਿੱਚ ਸਰਗਰਮ ਕਿਵੇਂ ਕਰ ਸਕਦੇ ਹਨ। ਉਨ੍ਹਾਂ ਤਾਂ ਇੱਕੋ ਇੱਕ ਟੀਚਾ ਮਿਥਿਆ ਹੈ ਕਿ ਆਪਣੇ ਵਿਦਿਆਰਥੀਆਂ ਨੂੰ ਸਿਲੇਬਸ ਪੜ੍ਹਾ ਕੇ ਪਾਸ ਕਰਵਾਇਆ ਜਾਵੇ। ਪੰਜਾਬੀ ਭਾਸ਼ਾ ਨਾਲ ਉਨ੍ਹਾਂ ਦਾ ਪਿਆਰ, ਸਤਿਕਾਰ ਅਤੇ ਮੁਹੱਬਤ ਅਜੇ ਪੈਦਾ ਨਹੀਂ ਹੋਈ। ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪਸਾਰ ਵਾਸਤੇ ਪੰਜਾਬੀ ਅਧਿਆਪਕਾਂ ਦਾ ਯੋਗਦਾਨ ਸਭ ਤੋਂ ਉੱਤਮ ਹੋ ਸਕਦਾ ਹੈ। ਜੇਕਰ ਉਹ ਇਸ ਦੀ ਅਣਦੇਖੀ ਕਰਦੇ ਹਨ ਤਾਂ ਮਾਤ ਭਾਸ਼ਾ ਦਾ ਅੱਲ੍ਹਾ ਬੇਲੀ ਹੈ।

ਦਿਹਾਤੀ ਇਲਾਕਿਆਂ ਵਿੱਚ ਵਸਦੀਆਂ ਜਵਾਨ ਮਾਵਾਂ ਆਪਣੇ ਬੱਚਿਆਂ ਨਾਲ ਹਿੰਦੀ ਅੰਗਰੇਜ਼ੀ ਵਿੱਚ ਗੱਲ ਕਰਨ ਨੂੰ ਤਰਜੀਹ ਦੇ ਰਹੀਆਂ ਹਨ। ਜਦੋਂ ਵਿਦਿਆਰਥੀ ਸਕੂਲਾਂ ਵਿੱਚੋਂ ਪੜ੍ਹ ਕੇ ਘਰ ਪੁੱਜਦੇ ਹਨ ਤਾਂ ਉਨ੍ਹਾਂ ਨਾਲ ਉਹ ਆਪਣੀ ਮਾਤ ਭਾਸ਼ਾ ਵਿੱਚ ਗੱਲ ਕਰਨ 'ਚ ਹੇਠੀ ਸਮਝਦੀਆਂ ਹਨ। ਸਾਡੇ ਘਰ ਜਾਂ ਖੇਤਾਂ ਵਿੱਚ ਆਇਆ ਪਰਵਾਸੀ ਸਾਨੂੰ ਆਪਣੀ ਭਾਸ਼ਾ ਸਿਖਾ ਦਿੰਦਾ ਹੈ ਜਦੋਂਕਿ ਅਸੀਂ ਘਰ ਦੇ ਪੰਜ ਸੱਤ ਜੀਅ ਉਸ ਇੱਕ ਨੂੰ ਆਪਣੀ ਪੰਜਾਬੀ ਭਾਸ਼ਾ ਸਿਖਾਉਣ ਤੋਂ ਅਸਮਰੱਥ ਹਾਂ। ਇੱਥੋਂ ਇਹ ਸਿੱਧ ਹੋ ਰਿਹਾ ਹੈ ਕਿ ਸਾਡੀ ਮਾਤ ਭਾਸ਼ਾ ਪਿੰਡਾਂ ਵਿੱਚੋਂ ਵੀ ਗਾਇਬ ਹੋ ਰਹੀ ਹੈ। ਇਨ੍ਹਾਂ ਅਹਿਮ ਮਸਲਿਆਂ ਬਾਰੇ ਸਾਡੀਆਂ ਸਰਕਾਰਾਂ ਅਤੇ ਸਾਹਿਤਕਾਰਾਂ ਨੂੰ ਸਿਰ ਜੋੜ ਵਿਚਾਰਨ ਦੀ ਲੋੜ ਹੈ। ਅਸੀਂ ਸਟੇਜਾਂ 'ਤੇ ਖੜ੍ਹ ਕੇ ਫੜਾਂ ਮਾਰਦੇ ਹਾਂ ਜਦੋਂਕਿ ਅਸਲੀਅਤ ਤੋਂ ਕੋਹਾਂ ਦੂਰ ਬੈਠੇ ਹਾਂ। ਅਸੀਂ ਪੰਜਾਬੀ ਇਸ ਗੱਲ 'ਤੇ ਫ਼ਖ਼ਰ ਮਹਿਸੂਸ ਕਰਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੀ ਮਹਾਨ ਰਚਨਾ ਗੁਰਮੁਖੀ ਲਿਪੀ ਵਿੱਚ ਹੋਈ ਹੈ। ਇਸ ਕਰਕੇ ਮਾਤ ਭਾਸ਼ਾ ਨੂੰ ਕੋਈ ਖ਼ਤਰਾ ਨਹੀਂ ਜਦੋਂਕਿ ਹਾਲਤ ਇਹ ਹੈ ਕਿ ਦੁਨੀਆ ਵਿੱਚ ਵਸਦੇ 15 ਕਰੋੜ ਪੰਜਾਬੀ ਸਹਿਜੇ ਸਹਿਜੇ ਆਪਣੀ ਮਾਤ ਭਾਸ਼ਾ ਨਾਲੋਂ ਟੁੱਟ ਰਹੇ ਹਨ। ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਨੂੰ ਆਪਣੀ ਮਾਤ ਭਾਸ਼ਾ ਦਾ ਝੋਰਾ ਖਾ ਰਿਹਾ ਹੈ ਜਦੋਂਕਿ ਪੰਜਾਬ ਵਿੱਚ ਵਸਦੇ ਪੰਜਾਬੀ ਇਸ ਦੀ ਕੋਈ ਪਰਵਾਹ ਨਹੀਂ ਕਰ ਰਹੇ। ਪਿੰਡਾਂ ਵਿੱਚ ਲਾਇਬ੍ਰੇਰੀਆਂ ਦਾ ਖੁੱਲ੍ਹਣਾ ਤਾਂ ਦੂਰ ਦੀ ਗੱਲ ਇੱਥੇ ਤਾਂ ਸਕੂਲਾਂ ਦੀਆਂ ਲਾਇਬ੍ਰੇਰੀਆਂ ਵਿੱਚ ਵੀ ਜਾਣ ਦੀ ਕੋਈ ਜ਼ਹਿਮਤ ਨਹੀਂ ਉਠਾਉਂਦਾ।

ਪੰਜਾਬ ਦੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਲਾਇਬ੍ਰੇਰੀ ਦੀ ਆਸਾਮੀ ਪ੍ਰਵਾਨਿਤ ਹੋਣ ਦੇ ਬਾਵਜੂਦ 772 ਅਸਾਮੀਆਂ ਖਾਲੀ ਪਈਆਂ ਹਨ। ਟਾਈਮ ਟੇਬਲ ਵਿੱਚ ਲਾਇਬ੍ਰੇਰੀ ਦਾ ਪੀਰੀਅਡ ਨਾ ਹੋਣ ਕਰਕੇ ਇਨ੍ਹਾਂ ਦੀ ਵਰਤੋਂ ਨੂੰ ਕੋਈ ਤਵੱਜੋ ਨਹੀਂ ਦਿੱਤੀ ਜਾ ਰਹੀ ਜਦੋਂਕਿ 16.67 ਕਰੋੜ ਦੀ ਸਾਲਾਨਾ ਗਰਾਂਟ ਪੁਸਤਕਾਂ ਖਰੀਦਣ ਵਾਸਤੇ ਸਕੂਲਾਂ ਨੂੰ ਦਿੱਤੀ ਜਾਂਦੀ ਹੈ। ਕੇਂਦਰੀ ਸਿੱਖਿਆ ਮੰਤਰਾਲੇ ਵੱਲੋਂ 2023-24 ਦੀ ਜਾਰੀ ਕੀਤੀ ਰਿਪੋਰਟ ਅਨੁਸਾਰ ਗੋਆ ਦੇ 1487 ਸਕੂਲਾਂ ਵਿੱਚ ਪ੍ਰਤੀ ਸਕੂਲ 3364 ਕਿਤਾਬਾਂ ਮੌਜੂਦ ਹਨ। ਪੰਜਾਬ ਵਿੱਚ ਕੁੱਲ 27,404 ਸਕੂਲ ਮੌਜੂਦ ਹਨ ਜਿਨ੍ਹਾਂ ਵਿੱਚੋਂ 19,242 ਸਰਕਾਰੀ ਸਕੂਲ ਹਨ। ਪੰਜਾਬ ਵਿੱਚ ਪ੍ਰਤੀ ਸਕੂਲ ਇਸ ਵੇਲੇ 1654 ਕਿਤਾਬਾਂ ਹਨ। ਪੰਜਾਬ ਦੇ ਸਕੂਲਾਂ ਵਿੱਚ ਇੰਨਾ ਕੁਝ ਮੌਜੂਦ ਹੋਣ ਦੇ ਬਾਵਜੂਦ ਪੰਜਾਬੀ ਨੂੰ ਅਣਗੌਲਿਆਂ ਕਿਉਂ ਕੀਤਾ ਜਾ ਰਿਹਾ ਹੈ? ਇਹ ਗੱਲ ਸਮਝ ਤੋਂ ਬਾਹਰ ਹੈ। ਸਾਨੂੰ ਸਭ ਨੂੰ ਚਾਹੀਦਾ ਹੈ ਕਿ ਮਾਤ ਭਾਸ਼ਾ ਪੰਜਾਬੀ ਦੇ ਪ੍ਰਚਾਰ ਅਤੇ ਪਸਾਰ ਵਿੱਚ ਆਪੋ ਆਪਣਾ ਯੋਗਦਾਨ ਪਾਈਏ। ਜੇਕਰ ਸਾਡੀ ਭਾਸ਼ਾ ਨਾ ਰਹੀ ਤਾਂ ਸਾਡੀ ਹੋਂਦ ਵੀ ਕਾਇਮ ਨਹੀਂ ਰਹਿ ਸਕੇਗੀ। ਜਿਸ ਪੰਜਾਬੀ ਕੌਮ 'ਤੇ ਅਸੀਂ ਮਾਣ ਕਰਦੇ ਹਾਂ ਉਹ ਕੌਮ ਪੰਜਾਬੀ ਭਾਸ਼ਾ ਨਾਲ ਹੀ ਹੋਂਦ ਵਿੱਚ ਹੈ। ਲੋੜ ਹੈ ਮਾਤ ਭਾਸ਼ਾ ਨੂੰ ਰੁਜ਼ਗਾਰ, ਵਪਾਰ ਅਤੇ ਨਿਆਂ ਦੀ ਭਾਸ਼ਾ ਬਣਾਉਣ ਦੀ। ਜਦੋਂ ਇਹ ਭਾਸ਼ਾ ਇਨ੍ਹਾਂ ਖੇਤਰਾਂ ਵਿੱਚ ਪ੍ਰਚੱਲਿਤ ਹੋ ਗਈ ਤਾਂ ਹਰ ਪੰਜਾਬੀ ਮਾਣ ਤੇ ਸਤਿਕਾਰ ਨਾਲ ਇਸ ਭਾਸ਼ਾ ਨੂੰ ਪੂਰੀ ਨੀਝ ਨਾਲ ਪੜ੍ਹੇਗਾ ਅਤੇ ਬੋਲਣ ਵਿੱਚ ਵੀ ਮਾਣ ਮਹਿਸੂਸ ਕਰੇਗਾ।

ਬਲਜਿੰਦਰ ਮਾਨ, 98150-18947

# ਰਾਂਝਾ ਰਾਂਝਾ ਕਰਦੀ, ਨੀ ਮੈਂ ਆਪੇ ਰਾਂਝਾ ਹੋਈ,

ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ,
ਰਾਂਝਾ ਮੈਂ ਵਿਚ, ਮੈਂ ਵਿਚ ਰਾਂਝਣ,
ਰਿਹਾ ਫਰਕ ਨਾ ਕੋਈ ।

ਇਹ ਸੋਹਣੇ ਸੁਨੱਖੇ ਸੱਜਣ, ਰਹੀਮ ਯਾਰ ਖਾਨ ਵਿਖੇ ਹੋਈ ਪਹਿਲੀ ਅੰਤਰ ਰਾਸ਼ਟਰੀ ਰੋਹੀ ਪੰਜਾਬੀ ਕਾਨਫਰੰਸ ਵਿਚ ਮਿਲੇ। ਇਹਨਾਂ ਆਪਣੀ ਤੁਆਰਫ ਕੁੱਝ ਇਸ ਤਰਾਂ ਕਰਾਈ, "ਮੈਂ ਆਜ਼ਮ ਰਾਂਝਾ, ਹੀਰ ਰਾਂਝੇ ਵਿਚਲੇ ਕਿੱਸੇ ਦੇ ਰਾਂਝੇ ਵਾਲੀ ਕੁੱਲ ਵਿਚੋਂ ਹਾਂ, ਤੁਹਾਨੂੰ ਮਿਲਕੇ ਬਹੁਤ ਖੁਸ਼ੀ ਹੋਈ ।"

ਹੀਰ ਰਾਂਝਾ ਇਸ਼ਕ ਵਿਚ ਅਮਰ ਹੋ ਗਏ ਜਾਂ ਫਿਰ ਕਹਿ ਲਓ ਕਿ ਵਾਰਿਸ, ਦਮੋਦਰ ਤੇ ਕਾਬਲ ਵਿਰਕ ਨੇ ਆਪਣੀਆਂ ਲਿਖਤਾਂ ਰਾਹੀਂ ਕਰ ਦਿੱਤੇ ।

ਸਾਡੇ ਇਹ ਤਸਵੀਰ ਵਿਚਲੇ ਰਾਂਝਾ ਸਾਹਿਬ, ਹੱਥ ਵਿਚ ਸੰਮਾਂ ਵਾਲੀ ਡਾਂਗ ਰੱਖਣ ਦੇ ਸ਼ੌਕੀਨ ਨੇ, ਚਿੱਟਾ ਚਾਦਰਾ, ਕਮੀਜ ਤੇ ਚਿੱਟੀ ਪੱਗੜੀ ਦੇ ਪਹਿਰਾਵੇ ਵਿਚ ਬਹੁਤ ਫਬਦੇ ਨੇ ।

ਇਸ ਤੋਂ ਵੀ ਹੋਰ ਅੱਗੇ ਜਦ ਇਹ ਰਾਂਝਾ ਸਾਹਿਬ ਸਟੇਜ ਤੋਂ ਬੋਲਦੇ ਨੇ ਤਾਂ ਇਹਨਾਂ ਦੀ ਜੋਸ਼ੀਲੀ ਤਕਰੀਰ ਤੇ ਦਿਲ ਨੂੰ ਧੂਹ ਪਾਉਣ ਵਾਲੇ ਬੋਲ ਸਰੋਤਿਆਂ ਨੂੰ ਆਪਣਾ ਸਾਹ ਰੋਕ ਕੇ ਇਹਨਾਂ ਦੀ ਗੱਲ ਮੰਤਰ ਮੁਗਧ ਹੋ ਕੇ ਸੁਣਨ ਲਈ ਮਜਬੂਰ ਕਰਦੇ ਨੇ ।

ਪਿਆਰੇ ਰਾਂਝਾ ਜੀ, ਤੁਹਾਨੂੰ ਮਿਲਕੇ ਅਥਾਹ ਖੁਸ਼ੀ ਹੋਈ, ਤੁਹਾਡੀ ਇਹ ਤਸਵੀਰ ਮੇਰੇ ਤਹਿ ਹਿਰਦੇ ਚ ਵਸ ਗਈ ਹੈ । ਤੁਹਾਡੇ ਵਡਾਰੂਆਂ ਨੇ ਮੁਹੱਬਤ ਦਾ ਪਰਚਮ ਉੱਚਾ ਕਰਕੇ ਲਹਿਰਾਇਆ ਹੈ ਤੇ ਤੁਸੀਂ ਵੀ ਮਨੁੱਖਤਾ ਨੂੰ ਮੁਹੱਬਤ ਦਾ ਪੈਗਾਮ ਦੇ ਰਹੇ ਹੋ, ਤੁਹਾਡੀ ਸਾਦਗੀ ਤੇ ਉੱਚੀ ਸੋਚ ਨੂੰ ਮੇਰਾ ਸਲਾਮ ।

ਆਜ਼ਮ ਰਾਂਝਾ ਜੀ, ਸਦਾ ਹੱਸਦੇ ਵਸਦੇ ਤੇ ਆਬਾਦ ਰਹੋ । ਮੁਹੱਬਤਾਂ ਜਿੰਦਾਬਾਦ ।

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)






# ਸਾਕਾ ਨਨਕਾਣਾ ਸਾਹਿਬ



ਸ਼ਹੀਦ ਕਿਸੇ ਵੀ ਕੌਮ ਦੇ ਪ੍ਰੇਰਨਾ ਸਰੋਤ ਹੁੰਦੇ ਹਨ ਅਤੇ ਉਹਨਾਂ ਦੇ ਸ਼ਹੀਦੀ ਦਿਨ ਉਸ ਕੌਮ ਨੂੰ ਉਹਨਾਂ ਆਦਰਸ਼ਾਂ ਬਾਰੇ ਯਾਦ ਕਰਵਾਉਂਦੇ ਹਨ, ਜਿਹਨਾਂ ਖਾਤਰ ਉਹਨਾਂ ਆਪਣੀ ਜਾਨ ਦੀ ਅਹੂਤੀ ਦੇ ਦਿੱਤੀ ਸੀ। ਅਸੀਂ ਹਰ ਰੋਜ ਅਰਦਾਸ ਵਿੱਚ ਉਹਨਾਂ ਦਾ ਧਿਆਨ ਧਰਦੇ ਹਾਂ ਜਿਹਨਾਂ ਨੇ ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ। ਅਜਿਹੇ ਹੀ ਸ਼ਹੀਦਾਂ ਦੀ ਯਾਦ ਕਰਵਾਉਂਦਾ ਹੈ 20 ਫਰਬਰੀ 1921 ਨੂੰ ਵਾਪਰਿਆ ਸਾਕਾ ਨਨਕਾਣਾ ਸਾਹਿਬ। ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਜਦੋਂ ਮੁਗਲ ਹਕੂਮਤ ਵੱਲੋਂ ਸਿੱਖ ਪੰਥ ਉੱਤੇ ਜ਼ੁਲਮ ਵਧੇ ਤਾਂ ਗੁਰੂ ਕੇ ਸਿੰਘ ਆਪਣੇ ਘਰ ਘਾਟ ਤਿਆਗ ਕੇ ਪਹਾੜਾਂ ਅਤੇ ਜੰਗਲਾਂ ਵਰਗੀਆਂ ਸੁਰੱਖਿਅਤ ਥਾਵਾਂ ਤੇ ਜਾ ਕੇ ਆਪਣੀ ਦਿਨ ਕਟੀ ਕਰਨ ਲੱਗੇ। ਉਸ ਸਮੇਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕੰਮ ਨਿਰਮਲੇ ਮਹੰਤਾਂ ਅਤੇ ਉਦਾਸੀ ਸੰਪਰਦਾਇ ਦੇ ਮਹੰਤਾਂ ਕੋਲ ਚਲਿਆ ਗਿਆ। ਆਰੰਭ ਵਿਚ ਤਾਂ ਇਹਨਾਂ ਮਹੰਤਾਂ ਨੇ ਬਹੁਤ ਵਧੀਆ ਤਰੀਕੇ ਨਾਲ ਇਹ ਜ਼ਿੰਮੇਵਾਰੀ ਨਿਭਾਈ ਪਰ ਵਕਤ ਨਾਲ ਇਸ ਪ੍ਰਬੰਧ ਵਿੱਚ ਬਹੁਤ ਖਾਮੀਆਂ ਪੈਦਾ ਹੋ ਗਈਆਂ।

ਇਹਨਾਂ ਨੇ ਗੁਰਦੁਆਰਿਆਂ ਅੰਦਰ ਮੰਦਰਾਂ ਵਾਂਗ ਰਹੁ ਰੀਤੀਆਂ ਚਲਾ ਦਿੱਤੀਆਂ। ਗੁਰਦੁਆਰਿਆਂ ਵਿੱਚ ਮੂਰਤੀਆਂ ਸਥਾਪਿਤ ਕਰ ਦਿੱਤੀਆਂ। ਹੌਲੀ ਹੌਲੀ ਇਹਨਾਂ ਮਹੰਤਾਂ ਦੇ ਕਿਰਦਾਰ ਅੰਦਰ ਵੀ ਗਿਰਾਵਟ ਆਉਂਦੀ ਗਈ .... ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਿਆਂ ਦੇ ਨਾਮ ਕਾਫੀ ਜਗੀਰਾਂ ਲੁਵਾ ਦਿੱਤੀਆਂ ਸਨ। ਜਿਸ ਨਾਲ ਗੁਰਦੁਆਰਿਆਂ ਦੀ ਆਮਦਨ ਕਾਫੀ ਵਧ ਗਈ ਸੀ। ਅਤੇ ਬਹੁਤ ਸਾਰੀਆਂ ਨਵੀਆਂ ਇਮਾਰਤਾਂ ਵੀ ਬਣਵਾਈਆਂ ਗਈਆਂ ਸਨ। ਪਰ ਸਿੱਖ ਰਾਜ ਦੇ ਪਤਨ ਤੋਂ ਬਾਅਦ ਸਿੱਖ ਸਰਦਾਰਾਂ ਨੇ ਗੁਰਦੁਆਰਿਆਂ ਦੇ ਅੰਦਰੂਨੀ ਪ੍ਰਬੰਧ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਿਸ ਨਾਲ ਗੁਰਮਤਿ ਪ੍ਰਚਾਰ ਅਤੇ ਸਿੱਖ ਕਦਰਾਂ ਕੀਮਤਾਂ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ। ਪੁਜਾਰੀ ਸ਼੍ਰੇਣੀ ਹੌਲੀ ਹੌਲੀ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਸਮਝਣ ਲੱਗ ਗਈ। ਅੰਗਰੇਜਾਂ ਨੇ ਇਹਨਾਂ ਪੁਜਾਰੀਆਂ ਅਤੇ ਮਹੰਤਾਂ ਦੀ ਪਿੱਠ ਠੋਕੀ। ਜਦੋਂ ਮਾਇਆ ਅਤੇ ਸ਼ਕਤੀ ਦਾ ਮੇਲ ਹੋ ਜਾਵੇ, ਤਾਂ ਵਿਕਾਰਾਂ ਤੋਂ ਕੋਈ ਵਿਰਲਾ ਹੀ ਗੁਰੂ ਬਖਸ਼ਿਸ਼ ਨਾਲ ਬਚ ਸਕਦਾ ਹੈ। ਮਹੰਤਾਂ ਕੋਲ ਮਾਇਆ ਵੀ ਆ ਗਈ ਅਤੇ ਸਰਕਾਰੇ ਦਰਬਾਰੇ ਪੁੱਛ ਪ੍ਰਤੀਤ ਵੀ ਹੋ ਗਈ। ਉਸ ਨਾਲ ਇਹ ਮਹੰਤ ਆਪਣੀਆਂ ਮਨ ਆਈਆਂ ਕਰਨ ਲੱਗੇ। ਇਹ ਕਾਫੀ ਅਯਾਸ਼ ਹੋ ਗਏ ਅਤੇ ਗੁਰਦੁਆਰਿਆਂ ਅੰਦਰ ਸਿੱਖ ਵਿਰੋਧੀ ਕੰਮ ਵੀ ਕਰਵਾਉਣ ਲੱਗੇ।



ਜਸਵਿੰਦਰ ਸਿੰਘ ਰੁਪਾਲ
9814715796

ਗੁਰਦੁਆਰਾ ਨਨਕਾਣਾ ਸਾਹਿਬ ਦੇ ਨਾਮ ਰਾਇ ਬੁਲਾਰ ਭੱਟੀ ਵੱਲੋਂ 19 ਹਜਾਰ ਏਕੜ ਦੀ ਜਗੀਰ ਤੋਂ ਇੱਕ ਲੱਖ ਰੁਪਏ ਤੋਂ ਵੱਧ ਜਮੀਨ ਦਾ ਠੇਕਾ ਆਉਂਦਾ ਸੀ ਅਤੇ ਲੱਖਾਂ ਰੁਪਏ ਦਾ ਚੜ੍ਹਾਵਾ ਵੀ ਸੀ। ਇਸੇ ਲਈ ਇਥੋਂ ਦਾ ਨਰੈਣੂ ਮਹੰਤ ਜਿਸ ਦਾ ਪੂਰਾ ਨਾਮ ਨਰਾਇਣ ਦਾਸ ਸੀ, ਇੰਨਾ ਡਿਗ ਚੁੱਕਿਆ ਸੀ ਕਿ ਉਸਨੇ ਗੁਰਦੁਆਰੇ ਅੰਦਰ ਸ਼ਰਾਬ ਅਤੇ ਤੰਬਾਕੂ ਵਰਗੇ ਹੋਰ ਨਸ਼ੇ ਵਰਤਣੇ ਵੀ ਸ਼ੁਰੂ ਕਰ ਦਿੱਤੇ ਸਨ। ਉਦੋਂ ਤਾਂ ਹੱਦ ਹੀ ਹੋ ਗਈ ਜਦੋਂ ਉਸ ਨੇ ਦਰਬਾਰ ਸਾਹਿਬ ਅੰਦਰ ਕੰਜਰੀਆਂ ਦਾ ਨਾਚ ਵੀ ਕਰਵਾਇਆ। ਉਸ ਦਾ ਵਿਰੋਧ ਅਖਬਾਰਾਂ ਰਾਹੀਂ ਵੀ ਹੋਇਆ। ਉਸ ਦੇ ਵਿਰੁੱਧ ਸ਼ਿਕਾਇਤਾਂ ਵੀ ਕੀਤੀਆਂ ਗਈਆਂ ਅਤੇ ਉਸਨੂੰ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਗਈ । 1918 ਈਸਵੀ ਨੂੰ ਸਿੰਧ ਦੇ ਰਹਿਣ ਵਾਲਾ ਇੱਕ ਰਿਟਾਇਰਡ ਅਫਸਰ ਨਨਕਾਣਾ ਸਾਹਿਬ ਆਪਣੇ ਪਰਿਵਾਰ ਨਾਲ ਆਇਆ, ਤਾਂ ਮਹੰਤ ਨੇ ਉਸਦੀ ਬੇਟੀ ਨਾਲ ਦੁਰਵਿਵਹਾਰ ਕੀਤਾ ਜਿਸ ਨਾਲ ਮਹੰਤ ਵਿਰੁੱਧ ਗੁੱਸੇ ਦੀ ਅੱਗ ਹੋਰ ਭੜਕ ਉੱਠੀ। ਅਕਤੂਬਰ 1920 ਵਿੱਚ ਸ਼ੇਖ਼ੂਪੁਰਾ ਦੇ ਪਿੰਡ ਧਾਰੋਵਾਲੀ ਵਿਖੇ ਇਕ ਸਜੇ ਦੀਵਾਨ ਵਿਚ ਸੰਗਤ ਦੇ ਇਕੱਠ ਵਿਚ ਨਨਕਾਣਾ ਸਾਹਿਬ ਦੇ ਪ੍ਰਬੰਧ ਦੇ ਸੁਧਾਰ ਦਾ ਮਤਾ ਪੇਸ਼ ਕੀਤਾ ਗਿਆ। ਜਿਸ ਦਾ ਪਤਾ ਉਸਨੂੰ ਲੱਗ ਗਿਆ। ਉਸਨੇ ਆਪਣੀ ਰਖਵਾਲੀ ਲਈ 400-500 ਦੇ ਕਰੀਬ ਭਾੜੇ ਤੇ ਗੁੰਡੇ ਵੀ ਰੱਖ ਲਏ ਅਤੇ ਹਥਿਆਰ ਵੀ ਇੱਕਠੇ ਕਰਨੇ ਸ਼ੁਰੂ ਕਰ ਦਿੱਤੇ।

ਮਹੰਤ ਨਰੈਣੂ ਨੇ ਗੁਰਦੁਆਰੇ ਅੰਦਰ ਕਿਲਬੰਦੀ ਕਰ ਲਈ ਅਤੇ ਛਵੀਆਂ, ਕੁਹਾੜੇ, ਟਕੂਏ ਆਦਿ ਹਥਿਆਰ ਬਣਾਉਣ ਲਈ ਵੀ ਭੱਠੀਆ ਚਾਲੂ ਕਰ ਦਿੱਤੀਆਂ। ਕਿਉਂਕਿ ਸਿੱਖ ਪੰਥ ਹੌਲੀ ਹੌਲੀ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿਚ ਲੈਣਾ ਸ਼ੁਰੂ ਕਰ ਚੁੱਕਾ ਸੀ, ਜਿਸ ਨੂੰ ਵਕਤ ਦੀ ਅੰਗਰੇਜ਼ੀ ਸਰਕਾਰ ਬਗਾਵਤ ਦਾ ਮੁੱਢ ਮੰਨਦੀ ਸੀ। ਲਾਹੌਰ ਡਵੀਜਨ ਦੇ ਕਮਿਸ਼ਨਰ ਸੀ ਐਮ ਕਿੰਗ ਨੇ ਨਰੈਣੂ ਮਹੰਤ ਨੂੰ ਭਰੋਸਾ ਦਿੱਤਾ ਕਿ ਜੇ ਸਿੰਘਾਂ ਨੇ ਗੁਰਦੁਆਰੇ ਤੇ ਧਾਵਾ ਬੋਲਿਆ, ਤਾਂ ਉਸਦੀ ਮੱਦਦ ਕੀਤੀ ਜਾਵੇਗੀ। ਨਰੈਣੂ ਦੇ ਸਾਥੀ ਮਹੰਤਾਂ ਨੇ ਵੀ ਉਸਨੂੰ ਸਲਾਹ ਦਿੱਤੀ ਕਿ ਜੇ ਸਿੰਘ ਗੁਰਦੁਆਰੇ ਦਾ ਕਬਜਾ ਲੈਣ ਆਉਣ ਤਾਂ ਬਿਨਾ ਝਿਜਕ ਉਹਨਾਂ ਨੂੰ ਮਾਰ ਮੁਕਾਇਆ ਜਾਵੇ। ਇੱਧਰ ਸਿੰਘਾਂ ਨੇ ਵੀ ਵਿਚਾਰਾਂ ਕੀਤੀਆਂ । ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਮਹੰਤ ਦੇ ਨਾਮ ਉਸਦੇ ਆਚਰਣ ਦੇ ਸੁਧਾਰ ਲਈ ਅਤੇ ਨਨਕਾਣਾ ਸਾਹਿਬ ਗੁਰਦੁਆਰੇ ਦੇ ਪ੍ਰਬੰਧ ਵਿਚ ਸੁਧਾਰ ਲਈ ਚਿੱਠੀ ਵੀ ਲਿਖੀ ਗਈ। ਨਨਕਾਣਾ ਸਾਹਿਬ ਵਿਖੇ ਦੀਵਾਨ ਅਤੇ ਲੰਗਰ ਦੇ ਪ੍ਰਬੰਧ ਲਈ ਭਾਈ ਲਛਮਣ ਸਿੰਘ, ਸ. ਦਲੀਪ ਸਿੰਘ, ਸ.ਤੇਜਾ ਸਿੰਘ ਸਮੁੰਦਰੀ, ਸ.ਕਰਤਾਰ ਸਿੰਘ ਝੱਬਰ ਅਤੇ ਸ. ਬਖਸ਼ਿਸ਼ ਸਿੰਘ ਤੇ ਅਧਾਰਤ ਇੱਕ ਕਮੇਟੀ ਬਣਾ ਦਿੱਤੀ ਗਈ। ਸਿੱਖ ਸੰਗਤ ਦੇ ਮੁਖੀਆਂ ਨੇ ਫੈਸਲਾ ਕੀਤਾ ਕਿ ਕੋਈ ਪੱਕੀ ਤਾਰੀਖ ਨਿਸ਼ਚਿਤ ਕੀਤੇ ਬਿਨਾਂ ਕੋਈ ਜੱਥਾ ਲੈ ਕੇ ਨਨਕਾਣਾ ਸਾਹਿਬ ਨਾ ਜਾਵੇ ਪਰ ਭਾਈ ਲਛਮਣ ਸਿੰਘ ਧਾਰੋਵਾਲੀ ਅਤੇ ਸ.ਕਰਤਾਰ ਸਿੰਘ ਝੱਬਰ ਆਪਣੇ ਆਪਣੇ ਜੱਥੇ ਲੈ ਕੇ ਨਨਕਾਣਾ ਸਾਹਿਬ ਪੁੱਜਣਾ ਚਾਹੁੰਦੇ ਸਨ। ਦੋਹਾਂ ਜੱਥਿਆ ਨੂੰ ਰੋਕਣ ਦਾ ਯਤਨ ਕੀਤਾ ਗਿਆ। ਸ.ਕਰਤਾਰ ਸਿੰਘ ਝੱਬਰ ਦਾ ਜੱਥਿਆ ਰੋਕ ਲਿਆ ਗਿਆ, ਪਰ ਭਾਈ ਲਛਮਣ ਸਿੰਘ ਧਾਰੋਵਾਲੀ ਦੇ ਜੱਥੇ ਨੂੰ ਨਾ ਰੋਕਿਆ ਜਾ ਸਕਿਆ। ਲਛਮਣ ਸਿੰਘ ਦੇ ਸਾਥੀ ਭਾਈ ਟਹਿਲ ਸਿੰਘ ਜੀ ਨੇ ਕਿਹਾ ਕਿ ਅੱਜ ਗੁਰੂ ਹਰਿਰਾਇ ਜੀਂ ਦਾ ਪ੍ਰਕਾਸ਼ ਦਿਵਸ ਹੈ। ਗੁਰਦੁਆਰਾ ਸਾਹਿਬ ਮੱਥਾ ਟੇਕ ਲੈਂਦੇ ਹਾਂ। ਜਦੋਂ ਅਸੀਂ ਸ਼ਾਂਤਮਈ ਰਹਿਣਾ ਹੈ, ਫੇਰ ਕੋਈ ਝਗੜਾ ਨਹੀਂ ਪੈਂਦਾ। ਇਸ ਤਰ੍ਹਾਂ ਇਹ ਜੱਥਾ 20 ਫਰਬਰੀ 1921 ਨੂੰ ਨਨਕਾਣਾ ਸਾਹਿਬ ਪੁੱਜ ਗਿਆ।

ਮਹੰਤ ਨਰੈਣੂ ਨੇ ਹਮਲੇ ਦੀ ਪਹਿਲਾਂ ਹੀ ਤਿਆਰੀ ਕਰ ਰੱਖੀ ਸੀ। ਜਿਉਂ ਹੀ ਭਾਈ ਲਛਮਣ ਸਿੰਘ ਜੀ ਜੱਥੇ ਸਮੇਤ ਗੁਰਦੁਆਰਾ ਸਾਹਿਬ ਵਿਚ ਦਾਖਿਲ ਹੋਏ, ਮਹੰਤ ਨੇ ਬਾਹਰਲੇ ਦਰਵਾਜੇ ਬੰਦ ਕਰਵਾ ਦਿੱਤੇ ਅਤੇ ਉਸਦੇ ਗੁੰਡਿਆਂ ਨੇ ਸਿੰਘਾਂ ਉੱਪਰ ਵਾਰ ਕਰ ਦਿੱਤਾ। ਛਤ ਤੋਂ ਗੋਲੀਆਂ ਚਲਾਈਆਂ ਗਈਆਂ। ਵਿਹੜੇ ਵਿਚ 25-26 ਸਿੰਘ ਸ਼ਹੀਦ ਹੋ ਗਏ। ਭਾਈ ਲਛਮਣ ਸਿੰਘ ਗੋਲੀਆਂ ਨਾਲ ਜ਼ਖਮੀ ਹੋ ਗਏ। ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਵੀ ਗੋਲੀਆਂ ਲੱਗੀਆਂ। ਕੋਈ 60 ਕੁ ਸਿੰਘ ਦਰਬਾਰ ਸਾਹਿਬ ਦੇ ਅੰਦਰ ਸ਼ਹੀਦ ਹੋ ਗਏ। ਜਿਹੜਾ ਵੀ ਫ਼ੱਟੜ ਜਿਉਂਦਾ ਨਜ਼ਰ ਆਇਆ, ਉਸਨੂੰ ਛਵੀਆਂ ਨਾਲ ਮਾਰ ਦਿੱਤਾ ਗਿਆ। ਜਖਮੀ ਭਾਈ ਲਛਮਣ ਸਿੰਘ ਨੂੰ ਜੰਡ ਦੇ ਦਰੱਖਤ ਨਾਲ ਪੁੱਠਾ ਬੰਨ੍ਹ ਕੇ ਥੱਲੇ ਅੱਗ ਲਾ ਕੇ ਸਾੜ ਦਿੱਤਾ ਗਿਆ। ਕੁਝ ਸਿੰਘਾਂ ਨੂੰ ਜਿਊਂਦਿਆਂ ਹੀ ਭੱਠੀਆ ਵਿਚ ਸੁੱਟ ਕੇ ਸਾੜ ਦਿੱਤਾ ਗਿਆ। ਨੌਂ ਸਾਲ ਦੇ ਦਰਬਾਰਾ ਸਿੰਘ ਨੂੰ ਪਹਿਲਾਂ ਅਲਮਾਰੀ ਵਿਚ ਬੰਦ ਕਰ ਦਿੱਤਾ, ਇਹ ਉਥੋਂ ਹੀ ਵੰਗਾਰਦਾ ਰਿਹਾ। ਫੇਰ ਇਸਨੂੰ ਬਲਦੀ ਚਿਖਾ ਵਿਚ ਸੁੱਟ ਦਿੱਤਾ ਗਿਆ। ਕਰਤਾਰ ਸਿੰਘ ਝੱਬਰ ਜੋ 2200 ਸਿੰਘਾਂ ਦਾ ਜੱਥਾ ਲੈ ਕੇ ਆ ਰਿਹਾ ਸੀ, ਉਸਨੂੰ 21 ਫਰਬਰੀ ਨੂੰ ਪਿੰਡ ਖਿਪਵਾੜਾ ਕੋਲ ਡਿਪਟੀ ਕਮਿਸ਼ਨਰ ਨੇ ਰੋਕ ਲਿਆ। ਅਤੇ ਸਲਾਹ ਮਸ਼ਵਰੇ ਪਿੱਛੋਂ ਝੱਬਰ ਨੂੰ ਨਨਕਾਣਾ ਸਾਹਿਬ ਦੀਆਂ ਚਾਬੀਆ ਇਸ ਸ਼ਰਤ ਤੇ ਦਿੱਤੀਆਂ ਕਿ ਪ੍ਰਬੰਧ ਲਈ ਇਕ ਕਮੇਟੀ ਬਣਾ ਦਿੱਤੀ ਜਾਵੇ। ਸ.ਹਰਬੰਸ ਸਿੰਘ ਅਟਾਰੀ ਨੂੰ ਪ੍ਰਧਾਨ ਬਣਾ ਕੇ ਇਕ ਕਮੇਟੀ ਬਣਾ ਦਿੱਤੀ ਗਈ। ਅਤੇ ਅੱਧੀ ਦਰਜਨ ਤੋਂ ਵੱਧ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤਾ ਗਿਆ। ਮਹੰਤ ਨਰੈਣੂ ਤੇ ਸਾਥੀਆਂ ਖ਼ਿਲਾਫ਼ ਮੁੱਕਦਮਾ ਦਾਇਰ ਹੋਇਆ। ਅਦਾਲਤ ਨੇ 12 ਅਕਤੂਬਰ 1921 ਨੂੰ ਨਰੈਣੂ ਤੇ 7 ਹੋਰ ਨੂੰ ਫਾਂਸੀ, 8 ਨੂੰ ਉਮਰ ਕੈਦ , 16 ਨੂੰ 7 ਸਾਲ ਦੀ ਕੈਦ ਅਤੇ ਬਾਕੀਆਂ ਨੂੰ ਰਿਹਾ ਕਰ ਦਿੱਤਾ। ਲਾਹੌਰ ਹੈ ਕੋਰਟ ਵਿਚ ਅਪੀਲ ਕਰਨ ਤੇ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ ਗਈ। ਸਿਰਫ 3 ਨੂੰ 7 ਸਾਲ ਦੀ ਸਜਾ ਹੋਈ ਤੇ ਬਾਕੀ ਸਭ ਬਰੀ ਕਰ ਦਿੱਤੇ ਗਏ। ਸਿੱਖ ਪੰਥ ਨੇ ਇਹਨਾਂ ਸ਼ਹੀਦਾਂ ਨੂੰ ਮਾਣ ਸਤਿਕਾਰ ਦਿੱਤਾ। ਇਹਨਾਂ ਦਾ ਜਿਕਰ ਅਰਦਾਸ ਵਿੱਚ ਸ਼ਾਮਲ ਕੀਤਾ। ਨਨਕਾਣਾ ਸਾਹਿਬ ਗੁਰਦੁਆਰਾ ਸਾਜਿਬ ਵਿਚ ਅੱਜ ਵੀ ਇਸ ਸਾਕੇ ਦੀਆਂ ਯਾਦਾਂ ਸੁਰੱਖਿਅਤ ਹਨ ਜਿਹੜੀਆਂ ਕੌਮ ਨੂੰ ਆਪਣੇ ਗੁਰਦੁਆਰਿਆਂ ਦੀ ਰਾਖੀ ਦੀ ਪ੍ਰੇਰਨਾ ਦਿੰਦੀਆਂ ਹਨ। ਪਾਤਸ਼ਾਹ ਬਖਸ਼ਿਸ਼ ਕਰਨ ਉਹਨਾਂ ਸ਼ਹੀਦਾਂ ਦਾ ਸਿਦਕ, ਉਹਨਾਂ ਦਾ ਗੁਰੂ ਪ੍ਰੇਮ ਅਤੇ ਉਹਨਾਂ ਦੀ ਗੁਰਦੁਆਰਿਆਂ ਵਿੱਚ ਨਿਰੋਲ ਗੁਰਮਤਿ ਦੇਖਣ ਦੀ ਇੱਛਾ ਨੂੰ ਪੂਰੀ ਕਰਨ। ਅਜੋਕੇ ਸਿੱਖ ਆਪਣੇ ਤਕਰਾਰ ਛੱਡ ਕੇ, ਗੁਰੂ ਗਿਆਨ ਤੋਂ ਸੋਝੀ ਲੈ ਕਰ ਆਪਣੇ ਜੀਵਨ ਨੂੰ ਗੁਰਮਤਿ ਰੰਗ ਵਿਚ ਰੰਗ ਸਕਣ ਅਤੇ ਸਾਡੇ ਗੁਰਦੁਆਰਿਆਂ ਵਿੱਚੋਂ ਸਿਰਫ ਅਤੇ ਸਿਰਫ ਗੁਰਮਤਿ ਦਾ ਹੀ ਪ੍ਰਚਾਰ ਹੋਵੇ।

# ਸੱਜਣ ਠੱਗ-ਤੁਲੰਬਾ:

## ਗੁਰੂ ਨਾਨਕ ਦੇਵ ਜੀ ਸੰਬੰਧੀ ਸਾਖੀ



ਇਕ ਵਾਰ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਇਕ ਪਿੰਡ ਵਿਚ ਪੁੱਜੇ ਜਿਸ ਦਾ ਨਾਮ ਸੀ ਤੁਲੰਬਾ। ਇਹ ਪਿੰਡ ਹੁਣ ਪਾਕਿਸਤਾਨ ਦੇ ਜਿਲੇ ਮੁਲਤਾਨ ਵਿਚ ਹੈ। ਉਥੇ ਇਕ ਬੜਾ ਵੱਡਾ ਠੱਗ ਰਹਿੰਦਾ ਸੀ, ਜਿਸ ਦਾ ਨਾਮ ਸੀ ਸੱਜਣ। ਉਸ ਨੇ ਸਹਿਰ ਤੋਂ ਹੱਟਵੀ ਇਕ ਵੱਡੀ ਸਾਰੀ ਸਰ੍ਹਾਂ ਬਣਾਈ ਹੋਈ ਸੀ। ਜਿਸ ਵਿਚ ਉਹ ਆਏ ਗਏ ਰਾਹੀਆਂ ਦੀ ਸੇਵਾ ਕਰਦਾ ਸੀ।

ਸੱਜਣ, ਸਾਧੂਆਂ ਫਕੀਰਾਂ ਵਾਲੇ ਕੱਪੜੇ ਪਾਉਂਦਾ ਸੀ। ਜਿਹੜਾ ਮੁਸਾਫਰ ਆਵੇ ਉਸ ਦੀ ਬੜੀ ਸੇਵਾ ਕਰਦਾ, ਚੰਗਾ ਖਾਣ ਨੂੰ ਦਿੰਦਾ ਅਤੇ ਸੌਣ ਲਈ ਚੰਗਾ ਮੰਜਾ ਬਿਸਤਰਾ ਵਿਛਵਾ ਦੇਂਦਾ। ਜਦੋ ਮੁਸਾਫਰ ਸੌਂ ਜਾਂਦਾ ਤਾਂ ਸੱਜਣ ਅਤੇ ਉਸਦੇ ਸਾਥੀ ਉਸ ਮੁਸਾਫਰ ਨੂੰ ਮਾਰ ਦਿੰਦੇ ਤੇ ਉਸਦਾ ਮਾਲ ਧਨ ਲੁੱਟ ਲੈਂਦੇ। ਪਰ ਬਾਹਰ ਲੋਕਾਂ ਚ ਉਸ ਦੀ ਬੜੀ ਸਿਫਤ ਸੀ। ਲੋਕ ਉਸਨੂੰ ਰੱਬ ਦਾ ਪਿਆਰਾ ਤੇ ਲੋਕਾਂ ਦਾ ਭਲਾ ਕਰਨ ਵਾਲਾ ਸਮਝਦੇ ਸਨ।

ਗੁਰੂ ਨਾਨਕ ਦੇਵ ਜੀ ਇਹੋ ਜਿਹੇ ਭੈੜੇ ਬੰਦਿਆਂ ਦਾ ਸੁਧਾਰ ਕਰਨ ਹੀ ਤਾਂ ਆਏ ਸਨ। ਇਹ ਤਾਂ ਗੁਰੂ ਜੀ ਦੀ ਹਿੰਮਤ ਸੀ ਕਿ ਠੱਗਾਂ ਤੇ ਭੈੜੇ ਲੋਕਾਂ ਕੋਲ ਉਨ੍ਹਾਂ ਨੂੰ ਸਿੱਧੇ ਰਾਹ ਪਾਉਣ ਆਪ ਜਾਂਦੇ ਸਨ। ਸੱਜਣ ਨੇ ਗੁਰੂ ਜੀ ਤੇ ਭਾਈ ਮਰਦਾਨਾ ਜੀ ਦੀ ਬੜੀ ਟਹਿਲ ਸੇਵਾ ਕਰਨੀ ਚਾਹੀ, ਪਰ ਗੁਰੂ ਜੀ ਨੇ ਪਹਿਲਾਂ ਹੀ ਭਾਈ ਮਰਦਾਨਾ ਜੀ ਨੂੰ ਸਭ ਕੁਝ ਸਮਝਾ ਦਿੱਤਾ ਸੀ ਕਿ ਅਸੀ ਇਥੋ ਕੁਝ ਨਹੀ ਛਕਣਾ। ਸੱਜਣ ਸਮਝਦਾ ਸੀ ਕਿ ਬਹੁਤ ਧਨ ਦੌਲਤ ਵਾਲੇ ਆਏ ਹਨ ਚੰਗੀ ਪੂੰਜੀ ਹੱਥ ਲੱਗੇਗੀ।

ਗੁਰੂ ਜੀ ਸੱਜਣ ਅਤੇ ਉਸਦੇ ਸਾਥੀਆਂ ਦੀ ਭੈੜੀ ਨੀਯਤ ਬਾਰੇ ਜਾਣਦੇ ਸਨ। ਇਸ ਲਈ ਜਦ ਸੱਜਣ ਕਾਫੀ ਪਦਾਰਥ ਲੈ ਕੇ ਆਇਆ ਤਾਂ ਗੁਰੂ ਜੀ ਨੇ ਛਕਣ ਤੋ ਨਾਂਹ ਕਰ ਦਿੱਤੀ। ਫਿਰ ਸੱਜਣ ਨੇ ਗੁਰੂ ਜੀ ਨੂੰ ਅਰਾਮ ਕਰਨ ਲਈ ਕਿਹਾ। ਗੁਰੂ ਸਾਹਿਬ ਨੇ ਉੱਤਰ ਦਿੱਤਾ ਕਿ ਅਸੀ ਉਹ ਕੰਮ-ਵਿਹਾਰ ਜਿਸ ਵਾਸਤੇ ਅਕਾਲ ਪੁਰਖ ਨੇ ਸਾਨੂੰ ਭੇਜਿਆ ਹੈ ਖਤਮ ਕਰਕੇ ਹੀ ਅਰਾਮ ਕਰਾਂਗੇ। ਸੱਜਣ ਨਾਲ ਦੇ ਕਮਰੇ ਵਿਚ ਮੌਕੇ ਦੀ ਉਡੀਕ ਵਿਚ ਜਾ ਬੈਠਾ ਅਤੇ ਸੋਚਣ ਲੱਗਾ, ਜਦ ਇਹ ਸੌ ਜਾਣਗੇ ਤਾਂ ਆਪਣਾ ਕੰਮ ਕਰ ਲਵਾਂਗਾ।

ਉਧਰ ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਰਬਾਬ ਵਜਾਉਣ ਲਈ ਕਿਹਾ, ਗੁਰੂ ਜੀ ਨੇ ਸੂਹੀ ਰਾਗ ਵਿਚ ਇਹ ਸਬਦ ਉਚਾਰਨ ਕੀਤਾ:

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥ 1॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਸੰਨਿ॥ 1॥ ਰਹਾਉ॥
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥
ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ॥ 2॥
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ॥ 3॥
ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ॥
ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ॥ 4॥
ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥
ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥ 5॥
ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ॥6॥1॥3॥
(ਸੂਹੀ ਮਹਲਾ 1-729)

ਜਦੋਂ ਸੱਜਣ ਨੇ ਨਾਲ ਦੇ ਕਮਰੇ ਵਿਚ ਇਹ ਸਬਦ ਸੁਣਿਆ ਤਾਂ ਉਸਦੀ ਹੈਰਾਨੀ ਦੀ ਹੱਦ ਨਾ ਰਹੀ, ਕਿਉਕਿ ਉਸਨੂੰ ਸਬਦ ਵਿਚੋ ਆਪਣਾ ਪਖੰਡ ਸਪੱਸਟ ਦਿਸਦਾ ਸੀ। ਉਹ ਉਠ ਕੇ ਗੁਰੂ ਜੀ ਦੇ ਕਮਰੇ ਵਿਚ ਜਾ ਬੈਠਾ। ਉਸਨੂੰ ਅਨੁਭਵ ਹੋਇਆ ਕਿ ਗੁਰੂ ਸਾਹਿਬ ਉਸਦੇ ਪਰਦੇ ਅੰਦਰ ਕੀਤੇ ਕੁਕਰਮਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਉਹ ਗੁਰੂ ਸਾਹਿਬ ਦੇ ਚਰਨੀ ਡਿੱਗ ਪਿਆ।

ਗੁਰੂ ਜੀ ਨੇ ਉਸਨੂੰ ਪੁੱਛਿਆ ਤੇਰਾ ਨਾਂ ਕੀ ਹੈ ਉਹ ਕਹਿਣ ਲੱਗਾ ਜੀ ਮੇਰਾ ਨਾਂ ਸੱਜਣ ਹੈ। ਹਿੰਦੂ ਮੈਨੂੰ ਸੱਜਣ ਮੱਲ ਕਹਿੰਦੇ ਹਨ, ਮੁਸਲਮਾਨ ਮੈਨੂੰ ਸੇਖ ਸੱਜਣ ਸਾਹ ਕਰਕੇ ਸੱਦਦੇ ਹਨ।

ਸੱਜਣ ਦੀ ਇਹ ਗੱਲ ਸੁਣ ਕੇ ਗੁਰੂ ਜੀ ਜੀ ਹੱਸ ਪਏ। ਉਹ ਕਹਿਣ ਲੱਗੇ, "ਤੇਰਾ ਨਾਂ ਤਾਂ ਬੜਾ ਸੋਹਣਾ ਹੈ, ਪਰ ਕੀ ਤੂੰ ਕੰਮ ਵੀ ਸੱਜਣਾਂ ਵਾਲੇ ਕਰਦਾ ਹੈ" ਸੱਜਣ ਨੇ ਇਹ ਸੁਣ ਕੇ ਨੀਵੀ ਪਾ ਲਈ।

ਗੁਰੂ ਜੀ ਨੇ ਫੁਰਮਾਇਆ "ਸੱਜਣ ! ਤੇਰੇ ਕੰਮ ਸੱਜਣਾਂ ਵਾਲੇ ਨਹੀ। ਤੂੰ ਲੋਕਾਂ ਨੂੰ ਧੋਖਾ ਦੇਦਾ ਹੈ। ਪਾਪ ਕਰ ਕਰ ਤੂੰ ਧੰਨ ਇਕੱਠਾ ਕਰ ਰਿਹਾ ਹੈ। ਲੋਕਾਂ ਭਾਣੇ ਤੂੰ ਭਾਵੇ ਸੱਜਣ ਹੈ ਸਾਧੂ ਹੈ, ਪਰ ਤੂੰ ਰੱਬ ਨੂੰ ਧੋਖਾ ਨਹੀ ਦੇ ਸਕਦਾ। ਉਹ ਤੇਰੇ ਸਾਰੇ ਕੰਮਾਂ ਨੂੰ ਜਾਣਦਾ ਹੈ। ਯਾਦ ਰੱਖ! ਇਕ ਦਿਨ ਮਰਨਾਂ ਜਰੂਰ ਹੈ। ਇਹ ੱਨ ਇਥੇ ਹੀ ਰਹਿ ਜਾਵੇਗਾ, ਪਰ ਇਸ ਧਨ ਦੀ ਖਾਤਰ ਕੀਤੇ ਹੋਏ ਪਾਪ ਤੇਰੇ ਨਾਲ ਜਾਣਗੇ। ਜਦੋ ਤੈਨੂੰ ਇਹਨਾਂ ਮੰਦੇ ਕੰਮਾਂ ਦਾ ਫਲ ਮਿਲੇਗਾ ਤਾਂ ਸੋਚ ਤੇਰਾ ਕੀ ਹਾਲ ਹੋਵੇਗਾ ਸੱਜਣਾਂ ! ਅਜੇ ਵੀ ਵੇਲਾ ਈ। ਮੰਦੇ ਕੰਮ ਛੱਡ ਦੇ ਚੰਗੇ ਕੰਮੀ ਲੱਗ ਜਾ। ਸੱਚੀ ਮੁੱਚੀ ਲੋਕਾਂ ਦਾ ਸੱਜਣ ਬਣ, ਹਰ ਕਿਸੇ ਦਾ ਭਲਾ ਕਰ। ਰੱਬ ਦਾ ਨੇਕ ਬੰਦਾ ਬਣ।"

ਗੁਰੂ ਜੀ ਦੇ ਬਚਨਾਂ ਨੇ ਸੱਜਣ ਦਾ ਹਿਰਦਾ ਵਿੰਨ੍ਹ ਸੁੱਟਿਆ। ਉਹ ਬੜਾ ਸਰਮਿੰਦਾ ਹੋਇਆ। ਗੁਰੂ ਜੀ ਦੇ ਚਰਨਾਂ ਤੇ ਡਿਗ ਪਿਆ ਤੇ ਕਹਿਣ ਲੱਗਾ "ਗੁਰੂ ਜੀ ! ਮੈ ਭੁੱਲ ਗਿਆ ਹਾਂ, ਮੇਰੀਆਂ ਭੁੱਲਾਂ ਮਾਫ ਕਰੋ, ਮੈ ਅੱਗੋ ਭੈੜੇ ਕੰਮ ਨਹੀ ਕਰਾਂਗਾ।"

ਗੁਰੂ ਜੀ ਨੇ ਉਸ ਨੂੰ ਰੱਬ ਦਾ ਨਾਮ ਜਪਣ, ਧਰਮ ਦੀ ਕਿਰਤ ਕਰਨ ਤੇ ਵੰਡ ਕੇ ਛਕਣ ਦਾ ਉਪਦੇਸ ਦਿੱਤਾ। ਸੱਜਣ ਨੇ ਮੰਦੇ ਕੰਮ ਛਡ ਦਿੱਤੇ। ਹੁਣ ਉਹ ਸੱਚੀ ਮੁੱਚੀ ਦਾ ਸੱਜਣ ਬਣ ਗਿਆ। ਗੁਰੂ ਜੀ ਦੀ ਆਗਿਆ ਮੰਨ ਕੇ ਉਸ ਨੇ ਸਿੱਖ ਧਰਮ ਦਾ ਪ੍ਰਚਾਰ ਕੀਤਾ।







